ਜੂਨ/ June 2024
ਸਾਲ/ Year 09
ਅੰਕ/ Edition 03
ਕੁੱਲ ਸਫੇ/ Total Page 16

Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

Estd. 2000

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

## ਅੰਦਰ ਪੜ੍ਹੋ

* ਲਹੂ ਭਿਜੇ ਇਤਿਹਾਸਕ ਪੱਤਰੇ!
* ਮਿੱਠੀ ਜੇਲ੍ਹ ਹੈ ਪ੍ਰਦੇਸਾ ਦਾ ਪ੍ਰਵਾਸ!
* ਗੁਮਾਨ ਟੁੱਟਦਿਆਂ ਦੇਰ ਨਹੀਂ ਲੱਗਦੀ
* ਹੋਇਆ ਕੈਠੇ ਦਾ ਰਿਵਾਜ ਪੁਰਾਣਾ
* ਭੜੂਏ ਦਾ ਵਰਤ (ਕਹਾਣੀ) -ਬੌਂਡੇ
* ਹਾਸਿਆਂ-ਠੱਠਿਆਂ, ਭਾਵੁਕਤਾ ਭਰੀ ਅਤੇ ਪਿਓ-ਪੁੱਤ ਦੇ ਰਿਸ਼ਤੇ ਦੀ ਕਹਾਣੀ ਫ਼ਿਲਮ 'ਸ਼ਿੰਦਾ-ਸ਼ਿੰਦਾ ਨੋ ਪਾਪਾ'

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com

AAM AADMI PARTY

# ਲੋਕ ਸਭਾ ਚੋਣਾ 2024 ਦੇ ਨਤੀਜੇ

## ਪੰਜਾਬ ਵਿੱਚ ਕੌਣ ਕਿੰਨੀਆਂ ਸੀਟਾ ਤੇ ?

| ਕਾਂਗਰਸ | ਆਪ | ਅਕਾਲੀ ਦਲ | ਭਾਜਪਾ | ਆਜ਼ਾਦ/ ਹੋਰ |
|---|---|---|---|---|
| 07 | 03 | 01 | 00 | 02 |

## ਲੋਕ ਲਹਿਰ ਤੇ ਲੋਕ ਏਕਤਾ ਜ਼ਿੰਦਾਬਾਦ

## ਐਤਕੀ ਲੋਕ ਸਭਾ ਚੌਣਾਂ ਵਿੱਚ ਲੋਕਾਂ ਨੇ ਵੱਡੇ-ਵੱਡੇ ਸਿਆਸਤਦਾਨਾਂ ਦੇ ਭੁਲੇਖੇ ਦੂਰ ਕਰ ਦਿੱਤੇ




## ਸੰਤ ਬਾਬਾ ਦਸੌਂਦਾ ਸਿੰਘ ਜੀ ਵੜ੍ਹਿਆਂ ਵਾਲਿਆਂ ਦੀ ਯਾਦ 'ਚ ਹੋਇਆ ਧਾਰਮਿਕ ਸਮਾਗਮ ਅਤੇ ਸੱਤਾਂ ਪਿੰਡਾਂ ਵਿੱਚ ਵਿਸ਼ਾਲ ਨਗਰ ਕੀਰਤਨ



# ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ !

ਇਸ ਸਪਲੀਮੈਂਟ ਵਿੱਚ ਇਸ਼ਤਿਹਾਰ ਅਤੇ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾ ਅਤੇ ਇਸ਼ਤਿਹਾਰ ਦਾਤਾਵਾਂ ਦਾ ਹਾਰਦਿਕ ਧੰਨਵਾਦ!

ਵੱਲੋਂ: ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ ਬਿਊਰੋ) ਸੰਪਰਕ: 9988-92-9988


## ਸ਼੍ਰੀ ਗੁਰੂ ਅਰਜਨਦੇਵ ਜੀ ਮਹਾਰਾਜ ਦੀ ਦੇ ਸ਼ਹੀਦੀ ਦਿਵਸ ਤੇ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ!



**ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ**

ਸੀਨੀ. ਮੀਤ ਪ੍ਰਧਾਨ:
ਗੁਰ ਸ਼ਬਦ ਪ੍ਰਚਾਰ ਸੰਤ ਸਮਾਜ
ਮੈਂਬਰ: ਖਾਲਸਾ ਐਕਸ਼ਨ ਕਮੇਟੀ
ਸੂਪਰਸਤ: ਦੁੱਖ ਭੰਜਨ ਸੇਵਾ ਸੁਸਾਇਟੀ

ਮੁੱਖ ਸੇਵਾਦਾਰ :

**ਗੁ. ਸਾਹਿਬ ਦੁੱਖ ਭੰਜਨਸਰ**


ਮੋ. 98153-11318

ਜਾਰੀ ਕਰਤਾ: ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ: ਆਪ ਜ਼ਿਲ੍ਹਾ ਮੋਗਾ) ਅਤੇ ਭਾਈ ਹਰਪ੍ਰੀਤ ਸਿੰਘ ਖੁਖਰਾਣਾ

## ਸ਼੍ਰੀ ਗੁਰੂ ਅਰਜਨਦੇਵ ਜੀ ਮਹਾਰਾਜ ਦੀ ਦੇ ਸ਼ਹੀਦੀ ਦਿਵਸ ਤੇ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ!

**ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ**

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ
ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।



ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਦੇ ਹਨ।

ਸਮੂੰਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ

## ਸ਼੍ਰੀ ਗੁਰੂ ਅਰਜਨਦੇਵ ਜੀ ਮਹਾਰਾਜ ਦੀ ਦੇ ਸ਼ਹੀਦੀ ਦਿਵਸ ਤੇ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ!

**ਜੰਤਰੀਆਂ, ਕੈਲੰਡਰ, ਡਾਇਰੀਆਂ ਮੈਗਜੀਨ ਪੁਸਤਕਾਂ ਛਪਵਾਉਣ**

ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

**ਮਹਿਕ ਵਤਨ ਦੀ ਐਡਵੋਟਾਈਜਮੈਂਟ ਕੰਪਨੀ (ਰਜਿ:)**

**Help Line: 9988-92-9988**
**E-mail: mehakwattandi@rediffmail.com**
**www.mehakwatandilive.com**

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 Year 9 Edition 03 Issue Date 10-06-2024

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਇੰਚਾਰਜ (ਪ੍ਰਿੰਟਿੰਗ ਵਿਭਾਗ) : ਸੁਖਜੀਤ ਸਿੰਘ ਵਾਲੀਆ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ
ਫੋਟੋਗ੍ਰਾਫਰ/ਕੈਮਰਾਮੈਨ (ਆਨਰੇਰੀ) : ਉਮੰਗਦੀਪ ਕੌਰ ਪੁਰਬਾ, ਏਕਮਜੋਤ ਸਿੰਘ ਪੁਰਬਾ
ਸਟਾਫ਼ ਪ੍ਰੈਸ ਫੋਟੋਗ੍ਰਾਫਰ : ਮਨਮੋਹਨ ਸਿੰਘ ਚੀਮਾ



## ਸਾਡੇ ਮਾਣਯੋਗ ਵਿਸ਼ੇਸ਼ ਪੱਤਰਕਾਰ ਪ੍ਰਤੀਨਿਧ !

ਰਾਜਵਿੰਦਰ ਰੌਂਤਾ (ਨਿਹਾਲ ਸਿੰਘ ਵਾਲਾ)
ਰਜਿੰਦਰ ਸਿੰਘ ਕੋਟਲਾ (ਬਾਘਾ ਪੁਰਾਣਾ)
ਹਰਜਿੰਦਰ ਸਿੰਘ ਬੱਡੂਵਾਲੀਆਂ (ਧਾਰਮਿਕ ਪ੍ਰਤੀਨਿਧ)
ਡਾ. ਜਗਤਾਰ ਸਿੰਘ ਪਰਮਿਲ (ਨਾਹਲ ਖੋਟੇ)
ਰਾਜਿੰਦਰ ਖੋਸਾ (ਤਾਰੇਵਾਲਾ)
ਕੁਲਦੀਪ ਸਿੰਘ ਸੈਂਭੀ
ਹਰਪ੍ਰੀਤ ਸਿੰਘ ਹੈਪੀ ਦੋਸਾਂਝ (ਧਰਮਕੋਟ)
ਜਸਵਿੰਦਰ ਕੌਰ ਜੱਸੀ (ਜ਼ਿਲ੍ਹਾ ਇੰਚਾਰਜ : ਜਲੰਧਰ)
ਸ਼ਵਿੰਦਰ ਸਿੰਘ ਗਿੱਲ ਤਾਰੇਵਾਲਾ (ਨਵਾਂ ਮੋਗਾ)
ਕੁਲਵਿੰਦਰ ਸਿੰਘ ਰਾਮੂੰਵਾਲਾ
ਦਰਸ਼ੀ ਭੱਟੀਵਾਲ (ਲਿਵਲਾਨ) ਫ਼ਿਲਮੀ ਪ੍ਰਤੀਨਿਧ
ਮਹਿੰਦਰ ਸਿੰਘ ਮੇਹਨਤੀ
ਜਸਵੀਰ ਸ਼ਰਮਾ ਦੱਦਾਹੂਰ (ਸ਼੍ਰੀ ਮੁਕਤਸਰ ਸਾਹਿਬ)
ਵਿਸ਼ਾਲ ਸਿੰਘ (ਸ਼੍ਰੀ ਅੰਮ੍ਰਿਤਸਰ ਸਾਹਿਬ)
ਡਾ. ਸਰਬਜੀਤ ਕੌਰ ਬਰਾੜ (ਸਾਹਿਤਕ ਪ੍ਰਤੀਨਿਧ)
ਪਰਮਜੀਤ ਕੌਰ (ਸਾਹਿਤਕ ਪ੍ਰਤੀਨਿਧ)
ਬਲਦੇਵ ਸਿੰਘ ਆਜ਼ਾਦ (ਦੌਧਰ)
ਸੁਖਜੀਤ ਕੌਰ ਸਾਰੋ (ਕੈਨੇਡਾ)

ਕਰਮਜੀਤ ਸਿੰਘ ਭਲੂਰ
ਮਨਿੰਦਰ ਮੋਗਾ (ਇੰਚਾਰਜ : ਵੈੱਬ ਟੀ.ਵੀ.)
ਸਿਮਰਜੀਤ ਸਿੰਘ ਲਾਹੌਰੀਆ
(ਇੰਚਾਰਜ/ਟੈਕਨੀਕਲ : ਆਨਲਾਇਨ ਅਖ਼ਬਾਰ)

**ਰਜਿਸਟਰ ਆਫ਼ਿਸ**
1195, ਅਜੀਤ ਨਗਰ ਮੋਗਾ (ਪੰਜਾਬ)
**ਪ੍ਰੈੱਸ ਆਫ਼ਿਸ**
ਅੱਡਾ ਹੁਸ਼ਿਆਰਪੁਰ ਚੌਕ, ਮਾਈ ਹੀਰਾ ਗੇਟ
ਜਲੰਧਰ (ਪੰਜਾਬ)
ਸੰਪਰਕ
Office : 01636-501620
Help Line : 9988-92-9988
Website : www.mehakwatandilive.com
E-mail : mehakwattandi@rediffmail.com
mehakwatandilive.tv@gmail.com
Facebook : Mehak Watan Di Live
Youtube : Mehak Watan Di Live
Instagram : mehakwatandilive
Twiter : mehakwatandilive

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਲੋਕ ਲਹਿਰ ਤੇ ਲੋਕ ਏਕਤਾ ਜ਼ਿੰਦਾਬਾਦ

ਸਮੁੱਚੇ ਪੰਜਾਬ ਦੀ ਗੱਲ ਕਰੀਏ ਤਾਂ ਦੋ ਸਾਲ ਪਹਿਲਾਂ ਸਾਰੇ ਪੰਜਾਬ ਨੇ ਜਿਸ ਪਾਰਟੀ ਨੂੰ ਸਿਰ ਤੇ ਬੈਠਾ ਲਿਆ ਸੀ। ਅੱਜ ਦੋ ਸਾਲ ਬਾਅਦ ਉਸ ਨਾਲ ਮੋਹ ਇੰਨ੍ਹਾਂ ਭੰਗ ਹੋ ਗਿਆ ਕਿ ਲੋਕ ਸਭਾ ਵਿੱਚ ਉਹ ਸਿਰਫ ਤਿੰਨ ਸੀਟਾਂ ਤੇ ਆ ਗਈ। ਜਿੱਤਦੀ ਪਾਰਟੀ ਨਹੀਂ ਹੁੰਦੀਂ, ਜਿੱਤਦੇ ਵਿਧਾਇਕ ਨਹੀਂ ਹੁੰਦੇ! ਜਿੱਤਦੀਆਂ ਹੁੰਦੀਆਂ ਲੋਕ ਲਹਿਰਾ ਤੇ ਲੋਕ ਏਕਤਾ। ਸਿਆਸਤਦਾਨਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ। ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਪਾਵਰ ਦੇ ਹੰਕਾਰ ਵਿੱਚ ਤੁਸੀਂ ਬੰਦੇ ਨੂੰ ਬੰਦਾ ਨਹੀਂ ਜਾਣਦੇ, ਇਹ ਪਾਵਰਾ ਲੋਕਾਂ ਨੇ ਪਤਾ ਨਹੀਂ ਕਦੋਂ ਖੋਹ ਲੈਣੀਆਂ ਹਨ।

ਇੱਕ ਉਹ ਉਮੀਦਵਾਰ ਜੋ ਮੋਜੂਦਾ ਸੈਂਟਰ ਸਰਕਾਰ ਦੀ ਪਾਰਟੀ ਦਾ ਹੋਵੇ ਤੇ ਇੱਕ ਉਹ ਉਮੀਦਵਾਰ ਜੋ ਸਟੇਟ ਦੀ ਮੋਜੂਦਾ ਸਰਕਾਰ ਦਾ ਹੋਵੇ ਤੇ ਤੀਸਰਾ ਉਹ ਉਮੀਦਵਾਰ ਜੋ ਵਿਰੋਧੀ ਧਿਰ ਵਿੱਚ ਬੈਠੇ ਹੋਣ। ਜਿਨ੍ਹਾਂ ਦੀਆਂ ਜੜ੍ਹਾਂ ਹਰ ਪਿੰਡ ਦੇ ਅਗਵਾੜਾ ਤੱਕ ਲੱਗੀਆਂ ਹੋਣ, ਸ਼ਹਿਰ ਦੇ ਮੁਹੱਲਿਆਂ ਤੱਕ ਜਿਨ੍ਹਾਂ ਦੇ ਕੌਂਸਲਰ ਬੈਠੇ ਹੋਣ ਅਤੇ ਉਨ੍ਹਾਂ ਕੋਲ ਕਰੋੜਾਂ ਦੇ ਫੰਡ ਹੋਣ ਤੇ ਉਹ ਸਭ ਫਿਰ ਵੀ ਹਾਰ ਜਾਣ ਤੇ ਇੱਕ ਉਹ ਅਜਾਦ ਉਮੀਦਵਾਰ ਜਿੱਤ ਜਾਵੇ ਜਿਸ ਦਾ ਕਿਸੇ ਪਿੰਡ ਸ਼ਹਿਰ ਵਿੱਚ ਕੋਈ ਐਮ.ਸੀ./ ਕੌਂਸਲਰ ਨਹੀਂ, ਕੋਈ ਪੰਚ ਸਰਪੰਚ ਨਹੀਂ ਅਤੇ ਨਾ ਹੀ ਉਸ ਕੋਲ ਕੋਈ ਫੰਡ ਹੋਵੇ ਆਪਣਾ ਪ੍ਰਚਾਰ ਕਰਨ ਤੇ ਵੋਟਾਂ ਖਰੀਦਨ ਲਈ, ਉਹ ਫਿਰ ਵੀ ਭਾਰੀ ਬਹੁਮਤ ਨਾਲ ਜਿੱਤ ਜਾਵੇ ਇਹ ਲੋਕ ਲਹਿਰ ਤੇ ਲੋਕ ਏਕਤਾ ਦੀ ਹੀ ਜਿੱਤ ਹੈ।

ਲੋਕ ਸਭਾ ਹਲਕਾ ਫਰੀਦਕੋਟ ਦੀ ਗੱਲ ਕਰੀਏ ਤਾਂ ਮੋਜੂਦਾ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਦਾ ਬਿਲਕੁੱਲ ਨੇੜਲਾ ਵਿਅਕਤੀ ਆਮ ਆਦਮੀ ਪਾਰਟੀ ਦਾ ਉਮੀਦਵਾਰ ਕਰਮਜੀਤ ਅਨਮੋਲ ਉਹ ਇੰਨ੍ਹੀ ਬੁਰੀ ਤਰ੍ਹਾਂ ਹਾਰੇਗਾ ਇਹ ਉਸ ਨੇ ਕਦੇ ਸੋਚਿਆ ਵੀ ਨਹੀਂ ਹੋਣਾ। ਫਿਲਮ ਇੰਡਸਟਰੀ ਵਿੱਚ ਖਾਸ ਮੁਕਾਮ ਹਾਸਿਲ ਕਰਨ ਵਾਲੇ ਲੋਕਾਂ ਦੇ ਇਸ ਖਾਸ ਕਲਾਕਾਰ ਨੂੰ ਕੀ ਲੋੜ ਪੈ ਗਈ ਸੀ ਸਿਆਸਤ ਵਿੱਚ ਆਉਣ ਦੀ? ਜਿਸ ਦਿਨ ਕਰਮਜੀਤ ਅਨਮੋਲ ਨੂੰ ਫਰੀਦਕੋਟ ਤੋਂ ਟਿਕਟ ਅਨਾਊਸ ਹੋਈ, ਮੇਰੇ ਵਰਗੇ ਸੈਂਕੜੇ ਲੋਕਾਂ ਦੇ ਮਨੋ ਤਾਂ ਇਹ ਉਸ ਦਿਨ ਹੀ ਲਹਿ ਗਿਆ ਸੀ। ਜਿਸ ਨੂੰ ਕਲਾਕਾਰ ਦੇ ਤੌਰ ਤੇ ਅਸੀਂ ਪਲਕਾਂ ਤੇ ਬੈਠਾਇਆ ਸੀ, ਉਸ ਦੇ ਰਾਜਨੀਤੀ ਵਿੱਚ ਆਉਣ ਸਾਰ ਉਹ ਨਾਲ ਨਫਰਤ ਜਿਹੀ ਹੋ ਗਈ ਸੀ। ਜੇ ਉਸ ਨੇ ਸਿਆਸਤ ਵਿੱਚ ਆਉਣਾ ਵੀ ਸੀ ਤਾਂ ਆਪਣੇ ਇਲਾਕੇ ਵਿਚੋਂ ਚੋਣ ਲੜਦਾ। ਉਹ ਦਾ ਫਰੀਦਕੋਟ ਇਲਾਕੇ ਨਾਲ ਕੀ ਸਬੰਧ ਸੀ ? ਕੀ ਆਮ ਆਦਮੀ ਪਾਰਟੀ ਨੂੰ ਆਪਣੇ ਇਲਾਕੇ ਵਿਚੋਂ ਕੋਈ ਮੈਂਬਰ ਪਾਰਲੀਮੈਂਟ ਦਾ ਉਮੀਦਵਾਰ ਹੀ ਨਹੀਂ ਮਿਲਿਆ ? ਪਾਰਟੀ ਲਈ ਦਿਨ-ਰਾਤ ਇੱਕ ਕਰ ਦੇਣ ਵਾਲੇ ਵਰਕਰਾਂ 'ਚੋ ਕਿਸੇ ਨੂੰ ਮੈਂਬਰ ਪਾਰਲੀਮੈਂਟ ਦਾ ਉਮੀਦਵਾਰ ਕਿਉਂ ਨਹੀਂ ਬਣਾਇਆ ਗਿਆ ? ਇਸ ਗੱਲ ਦਾ ਅੰਦਰ ਖਾਤੇ ਕਈ ਵਲੰਟੀਅਰਾਂ ਨੂੰ ਰੋਸ ਸੀ ਪਰ ਕਿਸੇ ਮਜਬੂਰੀ ਕਾਰਨ ਜਾਂ ਕਈ ਕਿਸੇ ਲਾਲਚ ਕਾਰਨ ਉਹ ਆਪਣੀ ਪਾਰਟੀ ਨਾਲ ਤੁਰੇ ਫਿਰਦੇ ਸਨ।

ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੰਸ ਰਾਜ ਹੰਸ ਦਾ ਵੀ ਫਰੀਦਕੋਟ ਇਲਾਕੇ ਨਾਲ ਕੋਈ ਸਬੰਧ ਨਹੀਂ ਸੀ। ਭਾਜਪਾ ਦੇ ਵਰਕਰ ਵੀ ਅੰਦਰ ਖਾਤੇ ਨਾਰਾਜ ਸਨ। ਦੂਸਰਾ ਕਿਸਾਨਾ ਦਾ ਇਨ੍ਹਾਂ ਵਿਰੋਧ, ਜੋ ਜਾਇਜ ਵੀ ਸੀ ਪਰ ਹੰਸ ਰਾਜ ਹੰਸ ਕਿਸਾਨਾ ਦਾ ਗੁੱਸਾ ਸ਼ਾਤ ਕਰਨ ਵਿੱਚ ਨਾਕਾਮਯਾਬ ਰਿਹਾ ਜਿਸ ਕਾਰਨ ਆਮ ਵੋਟਰਾਂ ਵਿੱਚ ਵੀ ਉਹ ਆਪਣੀ ਜਗ੍ਹਾ ਨਹੀਂ ਬਣਾ ਸਕਿਆ। ਵੋਟਾ ਤੋਂ 15 ਕੁ ਦਿਨ ਪਹਿਲਾ ਤਾਂ ਬੀਬੀ ਅਮਰਜੀਤ ਕੌਰ ਸਾਹੋਕੇ ਦੀ ਹਵਾ ਬਣ ਚੱਲੀ ਸੀ ਕਿਉਂਕਿ ਫਰੀਦਕੋਟ ਉਸ ਦੇ ਪੇਕੇ ਸਨ ਤੇ ਮੋਗਾ ਉਸ ਦੇ ਸਹੁੱਰੇ। ਆਪਣੇ ਇਲਾਕੇ ਦੀ ਹੋਣ ਕਾਰਨ ਉਸ ਦਾ ਗ੍ਰਾਫ ਉੱਪਰ ਹੋ ਗਿਆ ਸੀ ਪਰ ਜਦ ਭਾਈ ਸਰਬਜੀਤ ਸਿੰਘ ਮਲੋਆ ਵੱਲ ਲੋਕ ਝੁਕੇ ਤਾਂ ਉਹ ਉਪਰੋਕਤ ਸਾਰੇ ਕਾਰਨ ਭੁੱਲ ਕੇ ਸਿਰਫ ਉਸ ਦੇ ਪਿਤਾ ਜੀ ਦੀ ਕੁਰਬਾਨੀ ਦਾ ਮੁੱਲ ਪਾਉਣ ਲਈ ਵਹੀਰਾ ਘੱਤ ਕੇ ਉਸ ਦੇ ਨਾਲ ਤੁਰ ਪਏ। ਜੋ ਲੋਕ ਆਮ ਆਦਮੀ ਪਾਰਟੀ, ਕਾਂਗਰਸ, ਭਾਰਤੀ ਜਨਤਾ ਪਾਰਟੀ ਆਦਿ ਸਭ ਪਾਰਟੀਆ ਤੋਂ ਨਾਰਾਜ ਸਨ ਉਨ੍ਹਾਂ ਨੇ ਆਜਾਦ ਉਮੀਦਵਾਰ ਸਰਬਜੀਤ ਸਿੰਘ ਮਲੋਆ ਨਾਲ ਤੁਰਨ ਦਾ ਫੈਸਲਾ ਕਰ ਲਿਆ ਤੇ ਦਿਨ੍ਹਾ ਵਿੱਚ ਹੀ ਇਹ ਲੋਕ ਲਹਿਰ ਬਣ ਗਈ। ਲੋਕਾਂ ਨੇ ਆਪ ਮੁਹਾਰੇ, ਬਿਨ੍ਹਾਂ ਕਿਸੇ ਲਾਲਚ ਤੋਂ ਭਾਈ ਸਰਬਜੀਤ ਸਿੰਘ ਮਲੋਆ ਦਾ ਸਾਥ ਦਿੱਤਾ। ਰਵਾਇਤੀ ਪਾਰਟੀਆਂ ਦੇ ਨਾਲ ਤੁਰੇ ਫਿਰਨ ਵਾਲੇ ਲੋਕ ਕਿਸੇ ਸਵਾਰਥ, ਮਜਬੂਰੀ ਜਾਂ ਪਾਰਟੀ ਦੇ ਕਾਰਨ ਨਾਲ ਤੁਰੇ ਫਿਰਦੇ ਸਨ ਪਰ ਭਾਈ ਸਰਬਜੀਤ ਸਿੰਘ ਮਲੋਆ ਨਾਲ ਫਿਰਨ ਵਾਲੇ ਲੋਕ ਸੱਚ ਵਿੱਚ ਅਸਲ ਵਿੱਚ ਉਸ ਦੇ ਨਾਲ ਸੀ। ਜਿਥੇ ਲੋਕਾਂ ਦਾ ਏਕਾ ਹੋ ਜਾਵੇ ਉਹ ਤਾਂ ਕਹਿੰਦੇ ਕਹਾਉਦੇ ਥੰਮਾਂ ਨੂੰ ਡੇਗ ਦਿੰਦੇ ਹਨ। ਇਸੇ ਏਕੇ ਦੀ ਬਰਕਤ ਲੋਕ ਏਕਤਾ ਤੇ ਲੋਕ ਲਹਿਰ ਦੀ ਜਿੱਤ ਹੋਈ।

ਕਲਾਕਾਰੀ ਜਜਬਾਤੀ ਹੁੰਦੀ ਹੈ ਅਤੇ ਸਿਆਸਤ ਬੜੀ ਨਿਰਦਈ ਹੈ। ਕਲਾਕਾਰੀ ਤੇ ਸਿਆਸਤ ਦਾ ਕੋਈ ਮੇਲ ਤਾਂ ਨਹੀਂ ਹੈ ਫਿਰ ਪਤਾ ਨਹੀਂ ਕਿਉਂ ਚੰਗੇ ਚੰਗੇ ਕਲਾਕਾਰ ਕਿਉਂ ਸਿਆਸਤ ਵਿੱਚ ਫਸ ਜਾਂਦੇ ਹਨ। ਕਰਵਾ ਤਾਂ ਉਹ ਆਪਣੀ ਬੇ-ਇੱਜਤੀ ਹੀ ਰਹੇ ਹਨ। ਉਨ੍ਹਾਂ ਨੂੰ ਚਾਹੁੰਣ ਵਾਲੇ ਲੱਖਾਂ ਦਰਸ਼ਕ ਸਿਮਟ ਕੇ ਹਜਾਰਾਂ ਵਿੱਚ ਰਹਿ ਜਾਦੇਂ ਹਨ। ਕਰਮਜੀਤ ਅਨਮੋਲ ਦੀ ਹੀ ਗੱਲ ਕਰੀਏ ਤਾਂ ਉਸ ਦੇ ਲੱਖਾਂ ਫੈਨ ਸੀ। ਮੈਨੂੰ ਨਹੀਂ ਲੱਗਦਾ ਕਿ ਕਲਾਕਾਰ ਦੇ ਤੌਰ ਤੇ ਉਸ ਨੂੰ ਕੋਈ ਵੀ ਪਸੰਦ ਨਾ ਕਰਦਾ ਹੋਵੇ ਪਰ ਜਿਸ ਦਿਨ ਉਸ ਨੇ ਸਿਆਸਤ ਵਿੱਚ ਪੈਰ ਰੱਖ ਲਿਆ ਉਸੇ ਦਿਨ ਲੋਕਾਂ ਦਾ ਉਸ ਦੇ ਨਾਲ ਮੋਹ ਭੰਗ ਹੋ ਗਿਆ ਤੇ ਉਹ ਸਿਰਫ ਇੱਕ ਪਾਰਟੀ ਦਾ ਹੋ ਕੇ ਰਹਿ ਗਿਆ। ਉਸ ਦੀ ਕਲਾਕਾਰੀ ਲੋਕਾਂ ਦੇ ਮਨੋ ਵਿਸਰ ਗਈ ਤੇ ਉਸ ਨੂੰ ਸਿਰਫ ਸਿਆਸਤ ਦਾਨ ਵਜੋਂ ਦੇਖਣ ਲੱਗ ਪਏ। ਸਿਆਸਤ ਵਿੱਚ ਉਹ ਕਿਥੇ ਖੜ੍ਹਾਂ ਉਹ ਆਪ ਸਭ ਜਾਣਦੇ ਹੀ ਹੋ। ਇਨ੍ਹੇ ਵੱਡੇ-ਵੱਡੇ ਕਲਾਕਾਰਾਂ ਅਨਮੋਲ ਦਾ ਪ੍ਰਚਾਰ ਕਰਨ ਲਈ ਆਏ ਹੋਣ ਤਾਂ ਵੀ ਉਹ ਹਾਰ ਜਾਵੇ ਤਾਂ ਹਾਰ ਸਿਰਫ ਉਸ ਦੀ ਹੀ ਨਹੀਂ, ਉਸ ਦੇ ਹੱਕ ਵਿੱਚ ਪ੍ਰਚਾਰ ਕਰਨ ਆਏ ਸਾਰੇ ਵੱਡੇ ਕਲਾਕਾਰਾਂ ਦੀ ਹੈ। ਮੈਂ ਸਮਝਦਾ ਕਿ ਸਿਆਸਤ ਵਿੱਚ ਪੈ ਕੇ ਕਰਮਜੀਤ ਅਨਮੋਲ ਦਾ ਬਹੁੱਤ ਵੱਡਾ ਨੁਕਸਾਨ ਹੋਇਆ ਹੈ। ਉਸ ਦੀ ਫਿਲਮੀ ਲਾਈਨ ਵਿੱਚ ਵੀ ਲੋਕ ਪ੍ਰੀਅਤਾ ਘੱਟ ਗਈ ਹੈ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹੰਸ ਰਾਜ ਹੰਸ ਦਾ ਫਰੀਦਕੋਟ ਇਲਾਕੇ ਵਿੱਚ ਜੋ ਮਾਣ-ਸਨਮਾਨ ਹੋਇਆ ਇਹ ਦੱਸਣ ਦੀ ਲੋੜ ਨਹੀਂ ਹੈ, ਸਾਰੇ ਹੀ ਜਾਣਦੇ ਹਨ। ਉਸ ਨੇ ਸੋਚਿਆ ਵੀ ਨਹੀਂ ਹੋਣਾ ਕਿ ਉਹ ਪੰਜਵੇ ਨੰਬਰ ਤੇ ਆਵੇਗਾ। ਇਕ ਸੁਪਰ ਸਟਾਰ ਗਾਇਕ ਹੋਵੇ ਤੇ ਲੋਕ ਉਸ ਨੂੰ ਪਿੰਡ ਵਿੱਚ ਵੜਨ ਨਾ ਦੇਣ। ਮੂੰਹ ਤੇ ਗਾਲਾ ਕੱਢਣ! ਗਾਇਕ ਹੁੰਦਿਆਂ ਜਿਸ ਨੂੰ ਸੁਨਣ ਲਈ ਲੋਕ ਉਸ ਦੇ ਸ਼ੋਅ ਦੀਆਂ ਟਿਕਟਾਂ ਖਰੀਦਦੇ ਹੋਣ ਤੇ ਅੱਜ ਸਿਆਸਤ ਵਿੱਚ ਆਉਣ ਤੋਂ ਬਾਅਦ ਉਸ ਨੂੰ ਬੋਲਣ ਵੀ ਨਾ ਦੇਣ ਇਸ ਤੋਂ ਵੱਡੀ ਨਮੋਸ਼ੀ ਹੋਰ ਕੀ ਹੋ ਸਕਦੀ ਹੈ। ਜਿਨ੍ਹਾਂ ਕਲਾਕਾਰਾਂ ਦੇ ਲੋਕ ਆਟੋਗ੍ਰਾਫ ਲੈਣ ਲਈ, ਉਨ੍ਹਾਂ ਨਾਲ ਫੋਟੋਆਂ ਕਰਵਾਉਣ ਲਈ ਤਰਲੋਮੱਛੀ ਹੁੰਦੇ ਹੋਣ ਉਨ੍ਹਾਂ ਕਲਾਕਾਰਾਂ ਨੂੰ ਲੋਕ ਕੰਜਰ ਜਾਂ ਨਚਾਰ ਲਿਖ ਕੇ, ਬੋਲ ਕੇ ਸੰਬੋਧਨ ਕਰਨ ਤਾਂ ਇਸ ਤੋਂ ਵੱਡੀ ਕੋਈ ਹਾਰ ਨਹੀਂ ਹੈ।


(ਬਾਕੀ ਸਫਾ ਨੰਬਰ 13)

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।




# ਲਹੂ ਭਿੱਜੇ ਇਤਿਹਾਸਕ ਪਤਰੇ



ਸਿੱਖ ਕੌਮ ਨੇ ਆਪਣੇ ਜਨਮ ਤੋਂ ਲੈ ਕੇ ਹੁਣ ਤੱਕ ਅਨੇਕਾਂ ਸ਼ਹੀਦੀਆਂ ਦਿੱਤੀਆਂ ਹਨ ਤੇ ਅਨੇਕਾਂ ਹੀ ਜਬਰ ਜ਼ੁਲਮ ਹੰਡਾਏ ਹਨ। ਪਰ ਇਹ ਕੌਮ ਹਰ ਘਟਨਾ ਤੋਂ ਬਾਅਦ ਪਹਿਲਾ ਨਾਲੋਂ ਵੀ ਜ਼ਿਆਦਾ ਨਿਖਰ ਕੇ ਸਾਹਮਣੇ ਆਈ ਹੈ। ਸਿੱਖ ਇਤਿਹਾਸ ਪੜ੍ਹਦਿਆਂ ਰੋਣਾ ਆਉਂਦਾ ਹੈ। ਸਿੱਖਾਂ ਤੇ ਇਨ੍ਹੇ ਕਹਿਰ ਢਾਹੇ ਹਨ ਕਿ ਉਨ੍ਹਾਂ ਤਸ਼ੱਦਦਾਂ ਨੂੰ ਕਲਮ ਬੰਦ ਵੀ ਨਹੀਂ ਕੀਤਾ ਜਾ ਸਕਦਾ।

ਸਭ ਤੋਂ ਪਹਿਲਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜ਼ੁਲਮ ਦਾ ਸਾਹਮਣਾ ਕੀਤਾ। ਉਨ੍ਹਾਂ ਤੋਂ ਬਾਅਦ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਤੱਤੀ ਤਵੀ ਤੇ ਬੈਠ ਕੇ ਗੁਰੂ ਦਾ ਭਾਣਾ ਮੰਨਦੇ ਹੋਏ "ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਗੈ ॥" ਸ਼ਬਦ ਦਾ ਉਚਾਰਨ ਕਰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਪੰਜਵੇਂ ਪਾਤਸ਼ਾਹ ਤੋਂ ਬਾਅਦ ਨੌਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣਾ ਆਪ ਵਾਰ ਦਿੱਤਾ। ਉਨ੍ਹਾਂ ਤੋਂ ਬਾਅਦ ਦਸਵੇਂ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਤਾਂ ਆਪਣਾ ਸਾਰਾ ਪਰਿਵਾਰ ਹੀ ਕੌਮ ਦੀ ਖਾਤਰ ਵਾਰ ਦਿੱਤਾ। ਬੇਅੰਤ ਸਿੰਘਾ-ਸਿੰਘਣੀਆ ਨੇ ਆਪਣੇ ਜਿਗਰ ਦੇ ਟੋਟੇ ਆਪਣੀਆਂ ਝੋਲੀਆ ਵਿਚ ਪੁਆਏ, ਆਰਿਆ ਨਾਲ ਆਪਣੇ ਤਨ ਚਿਰਵਾ ਦਿੱਤੇ, ਚਰਖੜੀਆ ਤੇ ਚੜ ਗਏ। ਪਰ ਆਪਣੇ ਸਿਦਕ ਤੇ ਨਹੀਂ ਡੋਲੇ। ਮੀਰ ਮੰਨੂ ਦੇ ਜ਼ੁਲਮ ਦਾ ਸ਼ਿਕਾਰ ਹੁੰਦੇ ਹੋਏ ਵੀ ਸਿੰਘਾ ਨੇ ਹਿੰਮਤ ਨਹੀਂ ਛੱਡੀ ਤੇ ਆਖਿਆ,

**"ਮੰਨੂ ਅਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ,**
**ਜਿਉਂ-ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ।"**

ਫਿਰ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੀ ਜਰਵਾਣਿਆ ਦੇ ਹਮਲੇ ਦਾ ਸ਼ਿਕਾਰ ਹੋ ਗਿਆ। ਸੰਨ 1762 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਪਵਿੱਤਰ ਸਰੋਵਰ ਨੂੰ ਭਰ ਦਿੱਤਾ ਅਤੇ ਦਰਬਾਰ ਸਾਹਿਬ ਨੂੰ ਆਪਣੇ ਕਬਜੇ ਵਿਚ ਲੈ ਲਿਆ। ਫਿਰ 1740 ਵਿਚ ਮੱਸੇ ਰੰਗੜ ਨੇ ਇਸ ਪਵਿੱਤਰ ਅਸਥਾਨ ਤੇ ਕੁਕਰਮ ਕੀਤੇ।

1780 ਈ: ਵਿਚੋਂ ਜਦੋਂ ਮਿਸਲਾ ਦਾ ਰਾਜ ਆਇਆ ਉਦੋਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਫੁਲਤਾ ਵਿਚ ਵਾਧਾ ਹੋਇਆ। ਕਈ ਨਵੇਂ ਬੁੰਗੇ ਬਣੇ। ਸੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਇਸ ਅਸਥਾਨ ਤੇ ਸੋਨੇ ਦੇ ਪੱਤਰੇ ਚੜ੍ਹਵਾ ਕੇ ਇਸ ਅਸਥਾਨ ਦੀ ਸੁੰਦਰਤਾ ਨੂੰ ਚਾਰ-ਚੰਨ ਲਗਾ ਦਿੱਤੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਇੰਡੀਆ ਵਿਚ 100 ਸਾਲ ਅੰਗਰੇਜ਼ਾ ਦਾ ਰਾਜ ਰਿਹਾ। ਉਨ੍ਹਾਂ ਨੇ ਦਰਬਾਰ ਸਾਹਿਬ ਦੇ ਪਵਿੱਤਰ ਅਸਥਾਨ ਵੱਲ ਅੱਖ ਚੁੱਕ ਕੇ ਵੇਖਣ ਦੀ ਹਿੰਮਤ ਨਹੀਂ ਕੀਤੀ। ਅੰਗਰੇਜ਼ੀ ਹਕੂਤ ਸਮੇਂ ਵੀ ਸ੍ਰੀ ਦਰਬਾਰ ਸਾਹਿਬ ਦੀ ਮਰਿਯਾਦਾ ਕਾਇਮ ਰਹੀ।

ਬੜੇ ਅਫਸੋਸ ਦੀ ਗੱਲ ਹੈ ਕਿ 1984 ਵਿਚ ਲੋਕਾਂ ਦੁਆਰਾ ਚੁਣੀ ਗਈ ਸਰਕਾਰ, ਆਜ਼ਾਦ ਭਾਰਤ ਦੇਸ਼ ਦੀ ਸਰਕਾਰ ਨੇ ਇਨ੍ਹਾਂ ਗਲਤ ਫੈਸਲਾ ਲਿਆ ਜਿਸ ਨੇ ਸਿੱਖਾਂ ਦੇ ਮਨ ਵਿਚੋਂ ਦਹਿਸ਼ਤ ਭਰ ਦਿੱਤੀ। ਬਲਿਓ ਸਟਾਰ ਉਪਰੇਸ਼ਨ ਦੇ ਤਹਿਤ, ਸਮੇਂ ਦੀ ਸਰਕਾਰ ਦੇ ਅੰਦੇਸ਼ਾ ਅਨੁਸਾਰ ਭਾਰਤੀ ਫੌਜ ਆਪਣੀਆਂ ਤੋਪਾ, ਟੈਂਕਾ ਤੇ ਹਥਿਆਰ ਸਮੇਤ ਦਰਬਾਰ ਸਾਹਿਬ ਦੇ ਪਵਿੱਤਰ ਅਸਥਾਨ ਵਿਚ ਹਾਜ਼ਰ ਹੋਏ।

ਉਸ ਸਮੇਂ ਦੀ ਪ੍ਰਧਾਨ ਮੰਤਰੀ ਤੇ ਕਾਂਗਰਸ ਦੀ ਪ੍ਰਧਾਨ ਇੰਦਰਾ ਗਾਂਧੀ ਦੇ ਸਿੱਖ ਕੌਮ ਨੂੰ ਦਹਿਸ਼ਤ ਹੇਠ ਰੱਖਣ ਦੇ ਜਨੂੰਨ ਨੇ 1984 ਦਾ ਸ਼ਰਮਨਾਕ ਕਾਰਾ ਕਰ ਦਿਖਾਇਆ। ਉਸ ਸਮੇਂ ਫੌਜ ਦੇ ਲੈਫਟੀਨੇਟ ਜਨਰਲ ਐਸ.ਕੇ. ਸਿਨਹਾਂ ਨੇ ਇਸ ਅਪਰੇਸ਼ਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸ੍ਰੀ ਦਰਬਾਰ ਸਾਹਿਬ ਵਿਚੋਂ ਬਾਹਰ ਕਢਣ ਦਾ ਇਹ ਆਖਰੀ ਹੱਲ ਨਹੀਂ ਹੈ। ਇਸ ਦਾ ਹੋਰ ਕੋਈ ਹੱਲ ਵੀ ਕੱਢਿਆ ਜਾ ਸਕਦਾ ਹੈ। ਲੈਫਟੀਨੇਟ ਜਨਰਲ ਐਸ.ਕੇ. ਸਿਨਹਾ ਨੇ ਦਰਬਾਰ ਸਾਹਿਬ ਦੇ ਹਮਲਾ ਕਰਨ ਦਾ ਵਿਰੋਧ ਕੀਤਾ। ਜਿਸ ਕਾਰਨ ਜਨਰਲ ਵੈਦਿਆ ਨੂੰ ਆਰਮੀ ਦਾ ਚੀਫ ਬਣਾ ਦਿੱਤਾ ਗਿਆ। ਫੌਜੀ ਕਾਰਵਾਈ ਦੀ ਪਹਿਲੀ ਬਣਾਈ ਗਈ ਪੂਰੀ ਵਿਉਂਤ ਨੂੰ ਸਰ ਅੰਜਾਮ ਦੇ ਦਿੱਤਾ ਗਿਆ। ਇੰਦਰਾ ਗਾਂਧੀ ਦੀ ਜ਼ਿਦ ਨੇ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ।

ਫੌਜ ਦਾ ਪਹਿਲਾਂ ਹਮਲਾ ਅਸਫਲ ਰਿਹਾ। ਸਿਰਫ ਲੰਗਰ ਹਾਲ ਦੇ ਕੋਲ ਬਣੇ ਬੁੰਗੇ ਤੇ ਬੈਠੇ ਖਾੜਕੂ ਹੀ ਖਤਮ ਹੋਏ। ਜਦ ਦਰਸ਼ਨੀ ਡਿਓੜੀ ਵਿਚੋਂ ਫੌਜ ਅੰਦਰ ਆ ਰਹੀ ਸੀ ਤਾਂ ਉਥੇ ਕੀਤੀ ਗਈ ਮੋਰਚਾਬੰਦੀ ਕਾਰਨ 50-60 ਫੌਜੀ ਉਥੇ ਹੀ ਮਾਰੇ ਗਏ। ਮੁਕਾਬਲਾ ਇਨ੍ਹਾਂ ਜ਼ਬਰਦਸਤ ਸੀ ਕਿ ਫੌਜ ਦਾ ਕਮਾਂਡਰ ਘਬਰਾ ਗਿਆ। ਉਸ ਨੇ ਹੈਡ ਕੁਆਟਰ ਨਾਲ ਗੱਲ ਕੀਤੀ ਕਿ ਫੌਜ ਦਾ ਨੁਕਸਾਨ ਹੋਵੇਗਾ ਹੈਡ ਕੁਆਟਰ ਨੇ ਪ੍ਰਧਾਨ ਮੰਤਰੀ ਦੀ ਆਗਿਆ ਨਾਲ ਟੈਂਕ ਅੰਦਰ ਵਾੜ ਦਿੱਤੇ। ਪਹਿਲਾ ਟੈਂਕ ਖਾੜਕੂਆਂ ਵੱਲੋਂ ਤਬਾਹ ਕਰ ਦਿੱਤਾ ਗਿਆ। ਖਾੜਕੂਆਂ ਕੋਲ ਅਜਿਹੇ ਹਥਿਆਰ ਸਨ ਜਿਹੜੇ ਟੈਕਾਂ ਦਾ ਵੀ ਮੁਕਾਬਲਾ ਕਰ ਸਕਦੇ ਸਨ ਇਸ ਲਈ ਬਹੁਤ ਸਾਰੇ ਟੈਂਕ ਅਤੇ ਜ਼ਿਆਦਾ ਫੌਜ ਅੰਦਰ ਭੇਜੀ ਗਈ। ਜਿਸ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਹਿ ਢੇਰੀ ਹੋ ਗਈ। ਪਵਿੱਤਰ ਅਸਥਾਨ ਜੰਗ ਦਾ ਮੈਦਾਨ ਬਣ ਗਿਆ। ਪਵਿੱਤਰ ਸਰੋਵਰ ਦਾ ਜਲ ਲਾਲ ਹੋ ਗਿਆ ਮਲਬੇ ਵਿਚ ਲਾਸ਼ਾ ਹੀ ਲਾਸ਼ਾ ਸਨ। ਇਸੇ ਸਬੰਧ ਵਿਚ ਪੰਜਾਬੀ ਦੇ ਮਹਾਨ ਸ਼ਾਇਰ ਜਨਾਬ ਅਫ਼ਜ਼ਲ ਅਹਿਸਾਨ ਰੰਧਾਵਾ ਦੇ ਮਹਾ ਕਾਵਿ ਵਿਚੋਂ ਦੋ ਸਤਰਾ ਹਨ।

**'ਮੇਰੇ ਬੁਰਜ ਮੁਨਾਰੇ ਢਾਹ ਦਿੱਤੇ, ਢਾਹ ਦਿੱਤਾ ਤਖ਼ਤ ਅਕਾਲ,**
**ਮੇਰਾ ਸੋਨੇ ਰੰਗਾ-ਰੰਗ ਅੱਜ, ਮੇਰੇ ਲਹੂ ਨਾਲ ਲਾਲੋ ਲਾਲ ॥'**

ਉਸ ਵਕਤ ਜੋ ਨੁਕਸਾਨ ਦਰਬਾਰ ਸਾਹਿਬ ਦਾ ਤੇ ਅਕਾਲ ਤਖ਼ਤ ਸਾਹਿਬ ਦਾ ਹੋਇਆ ਉਸ ਦਾ ਦੁਖਦਾਈ ਘਟਨਾ ਨੂੰ ਯਾਦ ਕਰਕੇ ਇੰਦਰਾ ਗਾਂਧੀ ਪ੍ਰਤੀ ਘਿਰਣਾ ਹਮੇਸ਼ਾ ਸਿੱਖਾਂ ਦੇ ਮਨ ਵਿਚ ਰਹੇਗੀ। ਇਸ ਬਲਿਓ ਸਟਾਰ ਓਪਰੇਸ਼ਨ ਦਾ ਸਾਰੀ ਦੁਨੀਆਂ ਨੇ ਅਫਸੋਸ ਪ੍ਰਗਟ ਕੀਤਾ। ਹਰ ਧਰਮ ਦੇ ਲੋਕਾਂ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਤੇ ਲਾਹਨਤਾ ਪਾਈਆ। ਕਸੂਰ ਚਾਹੇ ਕੇਂਦਰ ਸਰਕਾਰ ਦਾ ਸੀ ਪਰ ਫਿਰ ਵੀ ਵਿਦੇਸ਼ਾਂ ਵਿਚ ਅਤੇ ਪੰਜਾਬ ਤੋਂ ਬਾਹਰ ਸਿੱਖਾਂ ਨੂੰ ਸੱਕੀ ਨਿਗਾ ਨਾਲ ਦੇਖਿਆ ਜਾਣ ਲੱਗ ਪਿਆ। ਸਿੱਖਾਂ ਦੀ ਇਮੇਜ ਇੰਨੀ ਖ਼ਰਾਬ ਹੋ ਗਈ ਕਿ ਸਿੱਖਾ ਦੇ ਮੁੰਡੇ ਸਰਦਾਰ ਨਹੀਂ ਰਹੇ। ਰਹਿੰਦੀ ਖੁਹਦੀ ਕਸਰ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਪੰਜਾਬ ਪੁਲਿਸ ਦੇ ਮੁੱਖੀ ਕੇ.ਪੀ.ਐੱਸ. ਗਿੱਲ ਦੇ ਮੌਕੇ ਨਿਕਲ ਗਈ। ਹਜ਼ਾਰਾਂ ਹੀ ਬੇਕਸੂਰ ਪੰਜਾਬੀ ਗੱਭਰੂ ਝੂਠੇ ਮੁਕਾਬਲੇ ਬਣਾ ਕੇ ਮੌਤ ਦੇ ਘਾਟ ਉਤਾਰ ਦਿੱਤੇ ਗਏ। ਜਿਸ ਪੁਲਸੀਏ ਨੇ ਜਿੰਨੇ ਜ਼ਿਆਦਾ ਗੱਭਰੂ ਮੌਤ ਦੇ ਘਾਟ ਉਤਾਰ ਦਿੱਤੇ ਉਸ ਦੇ ਮੋਢੇ ਤੇ ਉਨੇ ਹੀ ਸਟਾਰ ਵਧਦੇ ਗਏ। ਇਸ ਕਾਰਨ ਬਹੁਤ ਸਾਰੇ ਸੁਆਰਥੀ ਤੇ ਲਾਲਚੀ ਪੁਲਿਸ ਅਫ਼ਸਰਾਂ ਨੇ ਅਸਲੀਅਤ ਪਛਾਨਣ ਦੀ ਬਜਾਏ ਆਪਣਾ ਰੁਤਬਾ ਵਿਖਾਉਣ ਤੇ ਜ਼ੋਰ ਦਿੱਤਾ। ਉਸ ਸਮੇਂ ਖਾੜਕੂ ਤੇ ਪੁਲਿਸ ਮੁਕਾਬਲੇ ਦੌਰਾਨ ਪੁਲਿਸ ਨੂੰ ਜੋ ਸਨਮਾਣ ਦਿੱਤਾ ਜਾਂਦਾ ਸੀ ਉਹ ਉਚਿਤ ਨਹੀਂ ਸੀ।

ਹੌਲੀ-ਹੌਲੀ ਪੰਜਾਬ ਦਾ ਮਾਹੌਲ ਤਾਂ ਚਾਹੇ ਠੀਕ ਹੋ ਗਿਆ ਪਰ ਸਿੱਖ ਨੌਜੁਆਨਾਂ ਵਿਚ ਪਤਿਤ ਪੁਣੇ ਦੀ ਲਹਿਰ ਦੌੜ ਗਈ ਤੇ ਹੌਲੀ-ਹੌਲੀ ਨਸ਼ਿਆ ਦਾ ਰੁਝਾਨ, ਵਿਹਲੜ ਪੁਣਾ ਤੇ ਵਿਦਿਆ ਵਿਚ ਪਛੜਾਪਣ ਸਿੱਖਾਂ ਨੂੰ ਨਸੀਬ ਹੋ ਗਿਆ ਜਿਹੜਾ ਹੁਣ ਬਹੁਤ ਵੱਡੀ ਚਿੰਨਤਾ ਦਾ ਵਿਸ਼ਾ ਹੈ।

ਸਿੱਖ ਦੇ ਪੰਜਾਬੀਆਂ ਦੇ ਇਸ ਨਿਘਰ ਰਹੇ ਜੀਵਨ ਵਿਚ ਸਿੱਖ ਲੀਡਰਸ਼ਿਪ ਅਤੇ ਸਿਆਸੀ ਲੀਡਰਸ਼ਿਪ ਵੀ ਘੱਟ ਦੋਸ਼ੀ ਨਹੀਂ ਹੈ ਤੇ ਉਹ ਵੀ ਬਹੁਤੀ ਵਾਰ ਆਪਣੇ ਫਰਜ਼ਾ ਦੀ ਕੁਤਾਹੀ ਕਰਦੇ ਹੋਏ ਆਪਣੀ ਸਿਆਸੀ ਸੱਤਾ ਬਰਕਰਾਰ ਰੱਖਣ ਨੂੰ ਜ਼ਿਆਦਾ ਅਹਿਮੀਅਤ ਦੇਂਦੇ ਹਨ। ਇਤਿਹਾਸ ਗਵਾਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਮਲਾ ਕਰਨ ਵਾਲੇ ਹਮਲਾਵਰ 153 ਦਿਨ ਤੋਂ ਜ਼ਿਆਦਾ ਜਿੰਦਾ ਨਹੀਂ ਰਹੇ।

ਮੱਸਾ ਰੰਗੜ ਕੇ 3-8-1740 ਨੂੰ ਹਮਲਾ ਕੀਤਾ ਤੇ
2-1-1741 ਨੂੰ ਮਾਰਿਆ ਗਿਆ।
ਬਹੀਆਂ ਖਾਨ ਨੇ 13-11-1746 ਨੂੰ ਹਮਲਾ ਕੀਤਾ ਤੇ
13-4-1747 ਨੂੰ ਮਾਰਿਆ ਗਿਆ।
ਜਹਾਨ ਖਾਹਨ ਨੇ 18-1-1757 ਨੂੰ ਹਮਲਾ ਕੀਤਾ ਤੇ
19-6-1757 ਨੂੰ ਮਾਰਿਆ ਗਿਆ।
ਅਹਿਮਦ ਸ਼ਾਹ ਅਬਦਾਲੀ ਨੇ 5-2-1762 ਨੂੰ ਹਮਲਾ ਕੀਤਾ ਤੇ
8-7-1762 ਨੂੰ ਮਾਰਿਆ ਗਿਆ।
ਇੰਦਰਾ ਗਾਂਧੀ ਨੇ 1-6-1984 ਨੂੰ ਹਮਲਾ ਕੀਤਾ ਤੇ
31-10-1984 ਨੂੰ ਮਾਰੀ ਗਈ।

ਚਾਹੇ ਉਪਰੋਕਤ ਹਮਲਾਵਰਾ ਵਿਚੋਂ ਕੋਈ ਜਿੰਦਾ ਨਹੀਂ ਰਿਹਾ ਪਰ ਫਿਰ ਵੀ ਬਲਿਓ ਸਟਾਰ ਓਪਰੇਸ਼ਨ ਵਾਰਗੀਆ ਘਟਨਾਵਾਂ ਦੀਆਂ ਦੁਖ ਭਰੀਆਂ ਯਾਦਾਂ ਮਿੱਟ ਨਹੀਂ ਸਕਦੀਆਂ। ਆਪਾ ਤਾਂ ਦੁਆ ਕਰ ਸਕਦੇ ਹਾਂ ਕਿ ਹੇ ਪ੍ਰਮਾਤਮਾ ਹੇ ਵਾਹਿਗੁਰੂ ਹੁਣ ਕਦੇ ਵੀ ਕਿਸੇ ਵੀ ਰਾਜ ਤੇ ਕਿਸੇ ਵੀ ਮਜ਼ਹਬ ਤੇ ਅਜਿਹੀ ਦੁਖਦਾਈ ਹਨੇਰੀ ਨਾ ਵਗਾਈ।



-ਭਵਨਦੀਪ ਸਿੰਘ ਪੁਰਬਾ

# ਸੰਤ ਬਾਬਾ ਦਸੌਂਦਾ ਸਿੰਘ ਜੀ ਵਰ੍ਹਿਆਂ ਵਾਲਿਆਂ ਦੀ ਯਾਦ 'ਚ ਹੋਇਆ ਧਾਰਮਿਕ ਸਮਾਗਮ ਅਤੇ ਸੱਤਾ ਪਿੰਡਾ ਵਿੱਚ ਵਿਸ਼ਾਲ ਨਗਰ ਕੀਰਤਨ

ਮੋਗਾ/ ਬਿਓਰੋ

ਪੰਜ ਪਿਆਰਿਆ ਦੀ ਅਗਵਾਹੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਰ ਸਾਇਆ ਹੇਠ ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਦਸੌਂਦਾ ਸਿੰਘ ਜੀ ਵਰ੍ਹਿਆਂ ਵਾਲਿਆਂ ਦੀ ਯਾਦ ਵਿੱਚ ਛੇਆਂ ਪਿੰਡਾਂ ਦਾ ਵਿਸ਼ਾਲ ਨਗਰ ਕੀਰਤਨ ਅਤੇ ਧਾਰਮਿਕ ਸਮਾਗਮ ਕੀਤਾ ਗਿਆ। ਮੁੱਖ ਸੇਵਾਦਾਰ ਬਾਬਾ ਪਵਨਦੀਪ ਸਿੰਘ ਜੀ ਕੜਿਆਲ ਅਤੇ ਬਾਬਾ ਜਗਤਾਰ ਸਿੰਘ ਜੀ ਵਰ੍ਹਿਆ ਵਾਲਿਆਂ ਦੀ ਦੇਖ-ਰੇਖ ਹੇਠ ਹੇਠ ਧੰਨ-ਧੰਨ ਬਾਬਾ ਦਸੋਂਦਾ ਸਿੰਘ ਜੀ ਵਰ੍ਹਿਆਂ ਵਾਲਿਆਂ ਦੀ ਬਰਸੀ ਦੇ ਸਬੰਧ ਵਿੱਚ ਸਲਾਨਾ ਸਮਾਗਮ ਸੰਪੰਨ ਹੋਏ। ਇਸੇ ਸਬੰਧ ਵਿੱਚ ਵਿੱਚ ਛੇਆਂ ਪਿੰਡਾਂ ਦਾ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਇਹ ਨਗਰ ਕੀਰਤਨ ਸੱਚਖੰਡ ਵਾਸੀ ਸੰਤ ਬਾਬਾ ਦਸੋਂਧਾ ਸਿੰਘ ਜੀ ਵਰ੍ਹਿਆਂ ਵਾਲਿਆਂ ਦੇ ਤਪ ਅਸਥਾਨ ਗੁਰਦੁਆਰਾ ਅਜਾਦਸਰ ਸਾਹਿਬ ਵਰ੍ਹੇ ਤੋਂ ਆਰੰਭ ਹੋ ਕੇ ਪਿੰਡ ਔਗੜ, ਲੋਹਾਰਾ, ਛੋਟਾ ਚੁੱਘਾ, ਵੱਡਾ ਚੁੱਘਾ, ਫਤਹਿਗੜ੍ਹ ਅਤੇ ਕੜਿਆਲ ਵਿੱਚ ਦੀ ਹੁੰਦਾ ਹੋਇਆ ਦੇਰ ਰਾਤ ਨੂੰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਇਸ ਵਿਸ਼ਾਲ ਨਗਰ ਕੀਰਤਨ ਵਿੱਚ ਫੁੱਲਾਂ ਨਾਲ ਸਜੀ ਗੁਰੁ ਸਾਹਿਬ ਦੀ ਸੁੰਦਰ ਪਾਲਕੀ, ਪੰਜ ਪਿਆਰਿਆ ਤੇ ਫੁੱਲਾ ਦੀ ਵਰਖਾ ਕਰਦੀ ਹੋਈ ਤੋਪ ਅਤੇ ਮਿਲਟਰੀ ਬੈਂਡ ਨੇ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾਇਆ। ਇਸ ਨਗਰ ਕੀਰਤਨ ਵਿੱਚ ਰਾਗੀ ਜੱਥਿਆਂ ਤੋਂ ਇਲਾਵਾ ਅੰਤਰ-ਰਾਸ਼ਟਰੀ ਢਾਡੀ ਜੱਥਿਆਂ ਨੇ ਗੁਰੂ ਜਸ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਹਰ ਪਿੰਡ ਵਿੱਚ ਦੋ-ਦੋ, ਤਿੰਨ-ਤਿੰਨ ਪੜਾਅ ਸਨ ਜਿਥੇ ਸੰਗਤਾਂ ਨੇ ਜੱਥਿਆਂ ਪਾਸੋਂ ਬਾਣੀ ਸਰਬਨ ਕੀਤੀ। ਪਿੰਡ ਵਿੱਚ ਪੜਾਆਂ ਤੇ ਸੰਗਤਾਂ ਵੱਲੋਂ ਠੰਡੇ ਮਿੱਠੇ ਜਲ, ਚਾਹ, ਲੱਡੂਆਂ ਅਤੇ ਫਲਾ ਦੇ ਲੰਗਰ ਲਗਾਏ ਗਏ ਸਨ।

ਧਾਰਮਿਕ ਸਮਾਗਮ ਦੇ ਅਖੀਰਲੇ ਦਿਨ ਵਿਸ਼ਾਲ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਪਿੰਡ ਦੀਆਂ ਕਈ ਐਨ.ਆਰ. ਆਈ. ਸੰਗਤਾਂ ਮੁੱਖ ਤੌਰ ਤੇ ਬਾਬਾ ਜੀ ਨੂੰ ਸਰਧਾ ਦੇ ਫੁੱਲ ਭੇਂਟ ਕਰਨ ਲਈ ਵਿਸ਼ੇਸ਼ ਤੌਰ ਤੇ ਹਾਜਰ ਹੋਈਆ।



ਗੁਰਦੁਆਰਾ ਅਜਾਦਸਰ ਸਾਹਿਬ ਵਰ੍ਹੇ ਵਿਖੇ ਹੋਏ ਧਾਰਮਿਕ ਸਮਾਗਮ ਦੀ ਸੰਪੂਰਨਤਾ ਮੌਕੇ ਕੀਰਤਨ ਦੁਆਰਾ ਸੰਗਤਾ ਨੂੰ ਨਿਹਾਲ ਕਰਦੇ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਉਨ੍ਹਾਂ ਦੇ ਨਾਲ ਬਾਬਾ ਜਗਤਾਰ ਸਿੰਘ ਜੀ ਵਰ੍ਹੇ, ਬਾਬਾ ਮਹਿੰਦਰ ਸਿੰਘ ਜੀ ਜਨੇਰ ਅਤੇ ਹੋਰ ਸੰਤ ਮਹਾਪੁਰਖ।

ਇਸ ਮੌਕੇ ਸੰਗਤਾਂ ਵੱਲੋਂ ਗੰਨੇ ਦੇ ਜੂਸ, ਸੋਢਾ, ਠੰਡੇ ਮਿੱਟੇ ਜਲ, ਤਰਬੂਜ, ਜਲੇਬੀਆਂ, ਜਲ ਜੀਰਾ ਆਦਿ ਦੇ ਵਿਸ਼ੇਸ਼ ਲੰਗਰ ਲਗਾਏ ਗਏ। ਧਾਰਮਿਕ ਸਮਾਗਮ ਵਿੱਚ ਬਾਬਾ ਜਗਤਾਰ ਸਿੰਘ ਜੀ ਵਰ੍ਹਿਆ ਵਾਲੇ, ਬਾਬਾ ਪਵਨਦੀਪ ਸਿੰਘ ਜੀ ਕੜਿਆਲ, ਬਾਬਾ ਮਹਿੰਦਰ ਸਿੰਘ ਜੀ ਜਨੇਰ ਆਦਿ ਮਹਾਪੁਰਖਾ ਤੋਂ ਇਲਾਵਾ ਭਾਈ ਸੁਖਵਿੰਦਰ ਸਿੰਘ ਸੁੱਖਾ, ਸਟੇਜ ਸਕੱਤਰ ਭਾਈ ਕੁਲਵਿੰਦਰ ਸਿੰਘ ਧਰਮਕੋਟ, ਜੱਥੇਦਾਰ ਅਗੋਰਖ ਸਿੰਘ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਚੀਫ ਐਡੀਟਰ ਸ. ਭਵਨਦੀਪ ਸਿੰਘ ਪੁਰਬਾ, ਭਾਈ ਗੁਰਜੀਤ ਸਿੰਘ, ਭਾਈ ਅਵਤਾਰ ਸਿੰਘ ਮਾਨ, ਢਾਡੀ ਜਸਵਿੰਦਰ ਸਿੰਘ ਬਾਗੀ ਆਦਿ ਮੁੱਖ ਤੌਰ ਤੇ ਹਾਜਰ ਹੋਏ।

# ਮੈਗਜ਼ੀਨ 'ਲੋਹਮਣੀ' ਦੇ ਮੁੱਖ ਸੰਪਾਦਕ ਪ੍ਰੋ ਨਿਰਮਲਜੀਤ ਕੌਰ ਸਿੱਧੂ ਦਾ ਦਿਹਾਂਤ





ਮੋਗਾ/ ਭਵਨਦੀਪ ਸਿੰਘ ਪੁਰਬਾ

ਸਿੱਖਿਆ, ਸਾਹਿਤ ਅਤੇ ਅਧਿਆਪਨ ਕਾਰਜ ਵਿੱਚ ਬੁਲੰਦੀਆਂ ਹਾਸਲ ਕਰਨ ਵਾਲੇ ਪ੍ਰਿੰਸੀਪਲ ਨਿਰਮਲਜੀਤ ਕੌਰ ਸਿੱਧੂ ਜਿੰਨਾ ਨੇ ਕਿ 1947 ਤੋਂ ਬਾਅਦ ਵੱਖ-ਵੱਖ ਕਾਲਜਾਂ ਵਿੱਚ ਅਧਿਆਪਨ ਕਾਰਜ ਕੀਤਾ ਉਹ ਜੋ ਪਿਛਲੇ ਸਤਾਰਾਂ ਸਾਲ ਤੋਂ ਕੌਮਾਂਤਰੀ ਮੈਗਜ਼ੀਨ ਲੋਹਮਣੀ ਦੇ ਮੁੱਖ ਸੰਪਾਦਕ ਸਨ। ਉਨ੍ਹਾਂ ਦਾ 2 ਜੂਨ 2024 ਨੂੰ ਇੱਕ ਸਦੀ ਦੇ ਕਰੀਬ ਉਮਰ ਭੋਗ ਕੇ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਨਮਿੱਤ ਗੁਰਦੁਆਰਾ ਕਲਗੀਧਰ ਸਾਹਿਬ ਦੱਤ ਰੋਡ ਮੋਗਾ ਵਿਖੇ ਭੋਗ ਪਾਇਆ ਗਿਆ। ਇਸ ਮੌਕੇ ਨਾਮਵਰ ਸਾਹਿਤਕ ਅਤੇ ਸਿਖਿਆ ਖੇਤਰ ਅਤੇ ਅਦਾਰਾ ਲੋਹਮਣੀ ਮੈਗਜ਼ੀਨ ਦੀ ਸਮੁੱਚੀ ਟੀਮ ਹਾਜ਼ਰ ਹੋਈ ਅਤੇ ਸਭ ਨੇ ਪ੍ਰਿੰਸੀਪਲ ਨਿਰਮਲਜੀਤ ਕੌਰ ਸਿੱਧੂ ਦੀਆਂ ਵੱਖ-ਵੱਖ ਕਾਲਜਾਂ ਵਿੱਚ ਦਿੱਤੀਆਂ ਸੇਵਾਵਾਂ ਦਾ ਜਿਕਰ ਕੀਤਾ।ਪ੍ਰਿੰਸੀਪਲ ਨਿਰਮਲਜੀਤ ਕੌਰ ਦਾ ਜਨਮ ਪਿਤਾ ਸਰਦਾਰ ਜੈ ਸਿੰਘ ਜੋ ਕਿ ਅਜ਼ਾਦੀ ਘੁਲਾਟੀਏ, ਗ਼ਦਰ ਲਹਿਰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੇ ਧਾਰਨੀ ਸਨ ਉਨ੍ਹਾਂ ਦੇ ਘਰ ਮਾਤਾ ਇੰਦ ਕੌਰ ਜੀ ਦੀ ਕੁੱਖੋਂ ਪਿੰਡ ਦੌਧਰ ਵਿੱਚ 1927 ਵਿੱਚ ਹੋਇਆ ਸੀ ਅਤੇ ਉਨ੍ਹਾਂ ਸਮਿਆਂ ਵਿੱਚ ਲੜਕੀਆਂ ਨੂੰ ਪੜਾਉਣਾ ਤਾਂ ਦੂਰ ਦੀ ਗੱਲ ਘਰੋਂ ਬਾਹਰ ਜਾਣਾ ਵੀ ਵਰਜਿਆ ਸੀ। ਪਰ ਜੈ ਸਿੰਘ ਜੀ ਨੇ ਵਿਦਿਆ ਦਾ ਗਿਆਨ ਆਪਣੀਆਂ ਸਾਰੀਆਂ ਬੇਟੀਆਂ ਅਤੇ ਪੁੱਤਰ ਕਰਤਾਰ ਸਿੰਘ ਅਤੇ ਸਰਦਾਰਾ ਸਿੰਘ ਨੂੰ ਦਿੱਤਾ ਸੀ। ਡੀ.ਐਮ. ਕਾਲਜ ਆਫ ਐਜੂਕੇਸ਼ਨ ਮੋਗਾ ਤੋਂ ਲੰਬਾ ਸਮਾਂ ਸੇਵਾਵਾਂ ਦੇ ਕੇ ਉਹ ਸੇਵਾ ਮੁਕਤ ਹੋਏ ਸਨ। ਇਸ ਸਮੇਂ ਉਨ੍ਹਾਂ ਦੇ ਜੀਵਨ, ਸਿਖਿਆ, ਸਾਹਿਤਕ ਖੇਤਰ ਅਤੇ ਉਨ੍ਹਾਂ ਦੀ ਸ਼ਖਸੀਅਤ ਬਾਰੇ ਸੰਪਾਦਕੀ ਮੰਡਲ ਲੋਹਮਣੀ ਵੱਲੋਂ ਗੁਰਮੇਲ ਸਿੰਘ ਬੌਡੇ, ਉਨ੍ਹਾਂ ਦੇ ਪਿੰਡ ਦੇ ਵਸਨੀਕ ਡਾ. ਸੁਖਦੇਵ ਸਿਰਸਾ ਅਤੇ ਸ ਤੇਜਿੰਦਰ ਸਿੰਘ ਨੇ ਸੰਗਤਾਂ ਨੂੰ ਜਾਣੂੰ ਕਰਵਾਇਆ। ਪ੍ਰਿੰਸੀਪਲ ਨਿਰਮਲਜੀਤ ਕੌਰ ਵਰਗੀਆਂ ਸਖਸੀਅਤਾਂ ਜੋ ਕਿ ਬਰਾਬਰੀ ਦੇ ਸਮਾਜ ਲਈ ਕਮਿਊਨਿਸਟ ਵਿਚਾਰ ਧਾਰਾ ਨੂੰ ਪਰਫੁੱਲਤ ਕਰਨ ਲਈ ਅਰਪਿਤ ਸਮੇਂ ਦੇ ਸੁਭਾਗ ਨਾਲ ਜਨਮ ਲੈਂਦੀਆਂ ਹਨ ਅਤੇ ਪ੍ਰਿੰਸੀਪਲ ਨਿਰਮਲਜੀਤ ਕੌਰ ਸਿੱਧੂ ਜੀ ਨੇ ਆਪਣੀ ਬੇਟੀ ਮਨਰੀਤ ਕੌਰ ਨੂੰ ਉੱਚ ਵਿੱਦਿਆ ਪ੍ਰਾਪਤ ਕਰਵਾ ਕੇ ਡੀ ਐਮ ਕਾਲਜ ਮੋਗਾ ਵਿਖੇ ਅੰਗਰੇਜ਼ੀ ਪ੍ਰੋਫੈਸਰ ਬਣਾਇਆ।

ਇਸ ਸਮੇਂ ਬਲਦੇਵ ਸਿੰਘ ਸੜਕਨਾਮਾ, ਡਾ. ਸੁਰਜੀਤ ਬਰਾੜ, ਡਾ. ਸਰਬਜੀਤ ਕੌਰ ਬਰਾੜ, ਡਾ. ਸੁਰਜੀਤ ਦੌਧਰ, ਕਰਮਜੀਤ ਕੌਰ ਲੰਢੇਕੇ, ਜੰਗੀਰ ਸਿੰਘ ਖੋਖਰ, ਡਾ. ਹਰਨੇਕ ਸਿੰਘ ਰੋਡੇ ਅਤੇ ਉਨ੍ਹਾਂ ਦੀ ਪਤਨੀ ਚਰਨਜੀਤ ਕੌਰ, ਪ੍ਰੇਮ ਕੁਮਾਰ, ਐਡਵੋਕੇਟ ਹਾਕਮ ਸਿੰਘ ਭੁੱਲਰ ਕਾਨੂੰਨੀ ਸਲਾਹਕਾਰ ਲੋਹਮਣੀ, ਖੁਸ਼ਪਾਲ ਕੌਰ, ਪਰਮਜੀਤ ਕੌਰ, ਦਿਲਬਾਗ ਸਿੰਘ ਬੁੱਕਣਵਾਲਾ, ਪ੍ਰਿੰਸੀਪਲ ਨਿਰਮਲਜੀਤ ਕੌਰ ਦੀ ਬੇਟੀ ਮਨਪ੍ਰੀਤ ਕੌਰ ਤੇ ਜਵਾਈ ਪੁਨੀਤ, ਡੀ.ਐਮ. ਕਾਲਜ ਮੋਗਾ ਦੇ ਵਰਤਮਾਨ ਅਤੇ ਸਾਬਕਾ ਪ੍ਰਿਸੀਪਲ ਅਤੇ ਸਮੂਹ ਸਟਾਫ਼ ਹਾਜ਼ਰ ਸਨ। ਪ੍ਰੀਵਾਰ ਵੱਲੋਂ ਪ੍ਰਿਸੀਪਲ ਨਿਰਮਲਜੀਤ ਕੌਰ ਸਿੱਧੂ ਜੀ ਦੀ ਅੰਤਮ ਅਰਦਾਸ ਵਿੱਚ ਸ਼ਾਮਲ ਹੋਏ ਸਾਰੀਆਂ ਨਾਮਵਰ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ। ਕੈਨੇਡਾ ਤੋਂ ਸ. ਨਛੱਤਰ ਸਿੰਘ ਗਿੱਲ, ਗੁਰਬਚਨ ਸਿੰਘ ਚਿੰਤਕ, ਤਰਕਸ਼ੀਲ ਆਗੂ ਅਵਤਾਰ ਸਿੰਘ ਗਿੱਲ, ਸਵਰਨਜੀਤ ਸਿੰਘ ਬਰਾੜ ਕੈਨੇਡਾ ਅਤੇ ਗੁਰਮੀਤ ਭਿੰਡਰ ਮਨੀਲਾ ਵੱਲੋਂ ਸ਼ੋਕ ਸੰਦੇਸ਼ ਭੇਜੇ ਗਏ।




# ਹੋਇਆ ਕੈਂਠੇ ਦਾ ਰਿਵਾਜ ਪੁਰਾਣਾ

ਬਹਾਦਰ ਡਾਲਵੀ
94172-35502

ਪੁਰਾਤਨ ਕਾਲ ਤੋਂ ਹੀ ਮਰਦ ਅਤੇ ਔਰਤਾਂ ਆਪਣੀ ਸਰੀਰਕ ਸਜਾਵਟ ਲਈ ਸੋਨੇ ਅਤੇ ਵੱਖ ਵੱਖ ਧਾਤਾਂ ਦੇ ਗਹਿਣਿਆਂ ਨੂੰ ਪਾਉਂਦੇ ਆਏ ਹਨ। ਮਰਦ ਭਾਵੇਂ ਗਹਿਣੀਆਂ ਦੇ ਘੱਟ ਸ਼ੌਕੀਨ ਹੁੰਦੇ ਹਨ, ਪਰ ਔਰਤਾਂ ਦਾ ਪਿਆਰ ਮਰਦਾਂ ਦੇ ਮੁਕਾਬਲੇ ਗਹਿਣਿਆਂ ਨਾਲ ਲੋਹੜੇ ਦਾ ਹੁੰਦਾ ਹੈ। ਸਿਰ ਤੋਂ ਲੈ ਕੇ ਪੈਰਾਂ ਤੱਕ ਉਹ ਆਪਣੇ ਅੰਗਾਂ ਨੂੰ ਸੋਨੇ ਜਾਂ ਬਨਾਵਟੀ ਗਹਿਣਿਆਂ ਨਾਲ ਸਜਾ ਕੇ ਆਪਣੇ ਰੂਪ ਵਿਚ ਢੇਰ ਵਾਧਾ ਕਰ ਲੈਂਦੀਆਂ ਹਨ। ਕੌਣ ਨਹੀਂ ਚਾਹੁੰਦਾ ਕਿ ਮੈਂ ਦੂਸਰਿਆਂ ਨੂੰ ਸੋਹਣਾ ਲੱਗਾ? ਤੇ ਫੇਰ ਸੋਨੇ ਦੇ ਗਹਿਣੇ ਪਾ ਕੇ ਤਾਂ ਜੋਬਨ ਨਵਾਂ ਨਕੋਰ ਲੱਗਣ ਲੱਗ ਪੈਂਦਾ ਹੈ। ਭਾਵੇਂ ਮੇਲਾ ਵੇਖਣ ਜਾਣਾ ਹੋਵੇ ਤੇ ਭਾਵੇਂ ਵਿਆਹ ਸ਼ਾਦੀ ਵਿਚ ਸ਼ਾਮਿਲ ਹੋਣਾ ਹੋਵੇਂ, ਸੋਨੇ ਦੇ ਗਹਿਣਿਆਂ ਦੀ ਝਲਕ ਹਰ ਕਿਸੇ ਦਾ ਦਿਲ ਮੋਹ ਲੈਂਦੀ ਹੈ। ਸੋਨਾ ਵੀ ਤਾਂ ਇਕ ਅਜਿਹੀ ਧਾਤ ਹੈ, ਜਿਸ ਉਪਰ ਜੰਗਾਲ ਆਦਿ ਦਾ ਬਿਲਕੁਲ ਅਸਰ ਨਹੀਂ ਹੁੰਦਾ। ਘਰ ਵਿਚ ਧੋ ਲਵੋ ਜਾਂ ਬਜ਼ਾਰ ਵਿਚੋਂ ਧਵਾ ਲਵੋ ਸੋਨੇ ਦੀ ਚਮਕ ਜਿਉਂ ਦੀ ਤਿਉਂ ਬਰਕਰਾਰ ਰਹਿੰਦੀ ਹੈ। ਬਹੁਤ ਧਨਾਢ ਲੋਕ ਸੋਨੇ ਦੇ ਗਹਿਣਿਆਂ ਵਿਚ ਹੀਰੇ ਜਾਂ ਮੋਤੀ ਆਦਿ ਦੇ ਨਗਾਂ ਦੀ ਵਰਤੋਂ ਵੀ ਕਰਦੇ ਹਨ। ਪਰ ਸੁੰਦਰਤਾ ਨੂੰ ਤੁਲਨਾ ਤਾਂ ਸੋਨੇ ਅਤੇ ਹੀਰੇ ਨਾਲ ਹੀ ਦਿੱਤੀ ਜਾਂਦੀ ਹੈ। ਮਾਪੇ ਅਕਸਰ ਕਹਿੰਦੇ ਹਨ ਕਿ ਸਾਡਾ ਮੁੰਡਾ ਜਾਂ ਕੁੜੀ ਸੋਨੇ ਜਾਂ ਹੀਰੇ ਵਰਗੀ ਹੈ।

ਅਜੋਕੇ ਦੌਰ ਵਿਚ ਪੱਛਮੀ ਪ੍ਰਭਾਵ ਅਧੀਨ ਫੈਸ਼ਨ ਦਾ ਬੋਲ ਬਾਲਾ ਹੋਣ ਕਰਕੇ ਕਈ ਤਰ੍ਹਾਂ ਦੇ ਵੰਨ ਸਵੰਨੇ ਗਹਿਣੇ ਹੋਂਦ ਵਿਚ ਆ ਚੁੱਕੇ ਹਨ। ਸਿਰ, ਮੱਥਾ, ਨੱਕ, ਕੰਨ, ਗਰਦਨ, ਬਾਹਵਾਂ ਹੱਥਾਂ ਦੀਆਂ ਉਂਗਲਾਂ, ਪੈਰਾਂ ਅਤੇ ਪੈਰਾਂ ਦੀਆਂ ਉਂਗਲਾਂ ਤਕ ਇਹਨਾਂ ਤਕ ਇਹਨਾਂ ਨੂੰ ਸਜਾਉਣ ਲਈ ਗਹਿਣੇ ਪਹਿਨਦੀਆਂ ਹਨ। ਸਭ ਤੋਂ ਵੱਧ ਵਰਤੋਂ ਸੋਨੇ ਜਾਂ ਚਾਂਦੀ ਦੇ ਗਹਿਣਿਆਂ ਦੀ ਹੀ ਹੁੰਦੀ ਹੈ। ਲੇਕਿਨ ਸੋਨੇ ਦੇ ਮਹਿੰਗੇ ਹੋਣ ਕਾਰਨ ਗਰੀਬ ਲੋਕ ਵਿਆਹ ਸ਼ਾਦੀਆਂ ਅਤੇ ਮੇਲੇ ਤਿਉਹਾਰਾਂ ਮੌਕੇ ਬਨਾਉਂਟੀ ਗਹਿਣਿਆਂ ਦੀ ਵਰਤੋਂ ਕਰਕੇ ਆਪਣਾ ਚਾਅ ਪੂਰਾ ਕਰ ਲੈਂਦੇ ਹਨ।

ਆਧੁਨਿਕ ਸਮਾਜ ਦੀ ਉੱਨਤੀ ਦੇ ਨਾਲ ਹੀ ਪੁਰਾਤਨ ਗਹਿਣਿਆਂ ਦਾ ਰਿਵਾਜ ਖਤਮ ਹੋ ਗਿਆਂ ਹੈ। ਪੁਰਾਤਨ ਗਹਿਣਿਆਂ ਵਿਚੋਂ ਕੈਂਠਾ ਇਕ ਬਹੁਤ ਹੀ ਮਹੱਤਵਪੂਰਨ ਗਹਿਣਾ ਸਮਝਦਿਆ ਜਾਂਦਾ ਸੀ। ਮਰਦਾਂ ਦੇ ਗਲ੍ਹ ਵਿਚ ਪਹਿਨਣ ਵਾਲਾ ਗਹਿਣਾ 'ਕੈਂਠਾ' ਔਰਤਾਂ ਦੇ ਪਹਿਨਣ ਵਾਲਾ ਗਹਿਣਾ 'ਕੈਂਠੀ' ਕਹਾਉਂਦਾ ਸੀ। ਕੈਂਠਾ, ਕੰਠ (ਭਾਵ ਗਲ੍ਹ) ਵਿਚ ਪਾਉਣ ਵਾਲਾ। ਇਸ ਨੂੰ ਹੈਂਕੜਾਂ (ਹਿੱਕ-ਛਾਤੀ) ਦਾ ਗਹਿਣਾ ਵੀ ਕਿਹਾ ਜਾਂਦਾ ਸੀ। ਹੈਂਕੜਾਂ ਸਿਰਫ ਵਾਰਸ ਸ਼ਾਹ ਨੇ ਹੀਰ ਰਾਂਝੇ ਦੇ ਕਿੱਸੇ ਵਿਚ ਹੀ ਵਰਤਿਆ ਹੈ। ਸਹਿਤੀ ਨੇ ਘਰ ਜਾ ਕੇ ਹੀਰ ਭਾਬੀ ਨੂੰ ਯੋਗੀ ਦੇ ਗਲ ਵਿਚ ਪਾਏ ਕੈਂਠੇ ਦੀ ਸਿਫਤ ਇੰਝ ਦਰਸਾਈ ਹੈ-

**ਘਰ ਜਾ ਨਣਾਨ ਨੇ ਗੱਲ ਕੀਤੀ,**
**ਭਾਬੀ ਯੋਗੀ ਇਕ ਨਵਾਂ ਆਇਆ ਨੀ।**
**ਕੰਨੀਂ ਉਸ ਦੇ ਦਰਸ਼ਨੀ ਮੁੰਦਰਾਂ ਨੀ,**
**ਗੱਲ ਹੈਂਕੜਾਂ ਖੂਬ ਸੁਹਾਇਆ ਨੀ,**

ਇਥੇ ਭਾਵੇਂ ਕੱਚ ਜਾਂ ਪੱਧਰ ਦੇ ਮਣਕਿਆਂ ਦੇ ਕੈਂਠੇ ਦੀ ਵਡਿਆਈ ਕੀਤੀ ਗਈ ਹੈ, ਜੋ ਯੋਗੀਆਂ ਦੇ ਗਲ੍ਹ ਵਿਚ ਪਾਇਆ ਹੁੰਦਾ ਹੈ। ਲੈਕਿਨ ਉਹ ਵੀ ਬਹੁਤ ਕੀਮਤੀ ਪੱਥਰ ਦੇ ਮਣਕਿਆਂ ਦਾ ਕੈਂਠਾ ਹੁੰਦਾ ਸੀ। ਅੱਜ ਕੱਲ੍ਹ ਕੈਂਠਾ ਨਵੀਂ ਪੀੜ੍ਹੀ ਦੇ ਨਾਂ ਸੁਣਨ ਤੋ ਬਿਨਾਂ ਵੇਖਣ ਵਿਚ ਵੀ ਨਹੀਂ ਆਉਂਦਾ। ਬਜੁਰਗਾਂ ਦੇ ਪੁੱਛਣ ਤੋਂ ਹੀ ਪਤਾ ਲੱਗਦਾ ਹੈ ਕਿ ਲੱਗਭੱਗ ਚਾਲੀ ਪੰਜਾਹ ਸਾਲ ਪਹਿਲਾਂ ਵਿਆਦੜ ਮੁੰਡੇ ਨੂੰ ਦਾਜ ਦਹੇਜ ਵਿਚ ਕੈਂਠਾ ਪਾਉਣਾ ਅਤੇ ਕੁੜੀ ਨੂੰ ਵਰੀ ਨਾਲ ਕੈਂਠੀ ਢੋਣੀ ਹੁਣ ਦੇ ਦਾਜ ਦਹੇਜ ਦੇ ਬਰਾਬਰ ਮਹਨਤਾ ਰੱਖਦੇ ਸਨ।

ਉਸ ਸਮੇਂ ਸੋਨੇ ਦੀ ਕੀਮਤ ਮੁਤਾਬਕ ਕੈਂਠਾ ਭਾਵੇਂ ਢਾਈ ਤਿੰਨ ਸੌ ਰੁਪਏ ਵਿਚ ਹੀ ਬਣ ਜਾਂਦਾ ਸੀ। ਜੇ ਕੋਈ ਰੱਜਦਾ-ਪੁੱਜਦਾ ਆਦਮੀ ਆਪਣੀ ਕੁੜੀ ਦੇ ਦਾਜ ਵਿਚ ਵਿਆਂਦੜ ਨੂੰ ਚਾਰ-ਪੰਜ ਸੌ ਰੁਪਏ ਦਾ ਕੈਂਠਾ ਪਾ ਦਿੰਦਾ ਸੀ ਤਾਂ ਪਿੰਡ ਵਿਚ ਬੱਲੇ-ਬੱਲੇ ਹੋ ਜਾਂਦੀ ਸੀ। ਇੰਨੀ ਕੀਮਤ ਦਾ ਕੈਂਠਾ ਦਿਓਰ ਦੇ ਗਲ੍ਹ ਵਿਚ ਪਾਇਆ ਵੇਖ ਵੱਡੀ ਭਰਜਾਈ ਬੜੇ ਫ਼ਖਰ ਨਾਲ ਕਹਿੰਦੀ ਸੀ-

**ਘੋੜੀ ਚੜ੍ਹਿਆ ਸੋਹਣਾ ਦੇਵਰ,**
**ਹੱਥ ਵਿਚ ਸੋਂਹਦਾ ਛਾਂਟਾ।**
**ਪੰਜ ਸੌ ਪੱਚੀਆਂ ਦਾ,**
**ਛੋਟੇ ਦਿਓਰ ਦਾ ਕੈਂਠਾ।**

ਭਾਵੇਂ ਚਾਰ-ਪੰਜ ਸੌ ਰੁਪਏ ਅੱਜ ਕੋਈ ਕੀਮਤ ਨਹੀਂ ਰੱਖਦੇ ਪਰ ਪੰਜਾਬ ਦੇ ਲੋਕਾਂ ਨੇ ਤਰੱਕੀ ਦੀਆਂ ਮੰਜ਼ਿਲਾਂ ਨੂੰ ਹਰੇਕ ਖੇਤਰ ਵਿਚ ਛੋਹ ਲਿਆ ਹੈ। ਊਠਾਂ, ਘੋੜਿਆਂ, ਰੱਥਾਂ ਅਤੇ ਗੱਡਿਆਂ ਦੀ ਥਾਂ ਸਕੂਟਰਾਂ, ਮੋਟਰ ਸਾਈਕਲਾਂ, ਕਾਰਾਂ, ਜੀਪਾਂ ਆਦਿ ਨੇ ਲੈ ਲਈ ਹੈ। ਪਰ ਉਸ ਸਮੇਂ ਊਠ ਜਾਂ ਘੋੜੀ ਉੱਤੇ ਚੜ੍ਹਿਆ ਗੱਭਰੂ, ਕੱਢਵੀ ਤਿੱਲੇਦਾਰ ਜੁੱਤੀ, ਧੂਵਾਂ ਚਾਦਰਾਂ, ਕਲੀਆਂ ਵਾਲਾ ਮਲਮਲ ਦਾ ਕੁੜਤਾ ਤੇ ਗਲ੍ਹੇ ਵਿਚ ਪਾਇਆ ਸੁਨਹਿਰੀ ਕੈਂਠਾ ਕਿਸੇ ਅਮੀਰ ਘਰਾਣੇ ਦੀਆਂ ਨਿਸ਼ਾਨੀਆਂ ਹੁੰਦੀਆਂ ਸਨ। ਕੈਂਠੇ ਵਾਲੇ ਸੋਹਣੇ ਗੱਭਰੂ ਦਿਓਰ ਨੂੰ ਵੇਖ ਕੇ ਮਨ ਵਿਚ ਝੂਰਦੀ ਭਰਜਾਈ ਇਹ ਕਹਿਣੋਂ ਨਹੀਂ ਰਹਿ ਸਕਦੀ-



**ਮਾਪਿਆਂ ਮੇਰੇ ਲੈ ਲਏ ਬਦਲੇ,**
**ਪਤੀ ਟੋਲਤਾ ਭੰਗੀ।**
**ਦਿਓਰ ਵੇ ਕੈਂਠੇ ਵਾਲਿਆ,**
**ਮੈਂ ਤੈਨੂੰ ਕਿਉਂ ਨਾ ਮੰਗੀ।**

ਪੰਜਾਬੀ ਲੋਕ ਬੋਲੀਆਂ ਵਿਚ ਵੀ ਕੈਂਠੇ ਦਾ ਜ਼ਿਕਰ ਹੋਇਆ ਮਿਲਦਾ ਹੈ। ਕੈਂਠਾ ਬਹੁਤ ਹੀ ਸੁੰਦਰ ਗੁਹਿਣਾ ਹੋਣ ਕਰਕੇ ਮਨ ਨੂੰ ਮੱਲੋ-ਮੱਲੀ ਖਿੱਚ ਪਾਉਂਦਾ ਸੀ। ਨੌਜਵਾਨ ਗੱਭਰੂਆਂ ਦੇ ਗਲ੍ਹ ਪਾਏ ਕੈਂਠੇ ਨੂੰ ਵੇਖ ਕੇ ਨਵ-ਜੋਬਨ ਮੁਟਿਆਰਾਂ ਇਹ ਅਖਾਣ ਤੋਂ ਨਹੀਂ ਸੀ ਰਹਿ ਸਕਦੀਆਂ-

**ਸੁਣ ਵੇ ਮੁੰਡਿਆ ਕੈਂਠੇ ਵਾਲਿਆਂ,**
**ਦੂਰੋਂ ਪੈਣ ਚਮਕਾਰੇ।**
**ਇਕ ਚਿੱਤ ਕਰਦਾ ਵਿਆਹ ਕਰਵਾ ਲਾਂ,**
**ਦੂਜਾ ਡਰ ਦੁਨੀਆਂ ਦਾ ਮਾਰੇ।**

ਇਕ ਹੋ ਲੋਕ ਬੋਲ ਵਿਚ ਮੁਟਿਆਰ ਕੈਂਠੇ ਵਾਲੇ ਗਭਰੂ ਨੂੰ ਇੰਝ ਸੰਬੋਧਨ ਹੁਦੀ ਹੈ-

**ਸੁਣ ਵੇ ਮੁੰਡਿਆ ਕੈਂਠੇ ਵਾਲਿਆਂ**
**ਤੇਰਾ ਕੈਂਠਾ ਰੋਗਨ ਕੀਤਾ।**
**ਮੈਂ ਤਾਂ ਤੈਨੂੰ ਖੜੀ ਉਡੀਕਾਂ,**
**ਤੂੰ ਲੰਘ ਗਿਆ ਚੁੱਪ ਕੀਤਾ।**
**ਸੱਸੀ ਵਾਂਗਰ ਹੋ ਗਈ ਭੁੜਥਾ,**
**ਲਾ'ਤਾ ਜਿਗਰ ਪਲੀਤਾ।**
**ਜੋੜੀ ਨਹੀਂ ਬਣਦੀ,**
**ਪਾਪ ਜਿਨ੍ਹਾਂ ਦਾ ਕੀਤਾ.....।**

ਕੈਂਠੇ ਬਾਰੇ ਪੰਜਾਬੀ ਲੋਕ ਬੋਲੀਆਂ ਵਿਚ ਆਏ ਜ਼ਿਕਰ ਤੋਂ ਇਕ ਗੱਲ ਹੋਰ ਵੀ ਜ਼ਾਹਿਰ ਹੁੰਦੀ ਹੈ ਕਿ ਕੈਂਠਾ ਸਿਰਫ ਪੰਜਾਬ ਦੇ ਕਿਸੇ ਵਿਸ਼ੇਸ਼ ਖਿੱਤੇ ਤਕ ਹੀ ਸੀਮਤ ਨਹੀਂ ਸੀ ਰਿਹਾ, ਸਗੋਂ ਇਹ ਸਮੁੱਚੇ ਪੰਜਾਬੀਆਂ ਦਾ ਪ੍ਰਧਾਨ ਗਹਿਣਾ ਸੀ। ਕੈਂਠੇ ਦੇ ਸੁੰਦਰ ਮਣਕਿਆਂ ਦੀ ਬਣਤਰ ਪੰਜਾਬ ਵਿਚ ਤਪਾ, ਭਦੌੜ, ਹਠੂਰ, ਬੱਧਨੀ, ਕੋਟ ਈਸੇ ਖਾਂ, ਮੋਗਾ ਤੇ ਹੋਰ ਖਾਸ ਥਾਵਾਂ ਉੱਤੇ ਹੁੰਦੀ ਸੀ। ਮੋਗੇ ਦਾ ਘੜਿਆ ਮਣਕਾ ਵਿਸ਼ੇਸ਼ ਮਹਾਨਤਾ ਰੱਖਦਾ ਸੀ-

**ਰੜਕੇ, ਰੜਕੇ, ਰੜਕੇ,**
**ਤੂੰ ਚੰਨਾ ਪੱਟ ਦਾ ਲੱਛਾ,**
**ਮੈਂ ਵੀ ਨਿਕਲੀ ਕਬੂਤਰੀ ਬਣਕੇ।**
**ਕੈਂਠੇ ਦੀ ਦਮਕ ਪਵੇ,**
**ਜਦ ਤੁਰਦਾ ਤੂੰ ਹਿੱਕ ਤਣ ਕੇ।**
**ਮਾਹੀਏ ਦੇ ਕੈਂਠੇ ਵਿਚ,**
**ਮੋਗੇ ਸ਼ਹਿਰ ਦੇ ਮਣਕੇ।**

ਕੈਂਠੇ ਵਿਚ ਬਾਰਾਂ ਸੋਨੇ ਦੇ ਸੁੰਦਰ ਨਮੂਨੇ ਦੀ ਘਾੜਤ ਦੇ ਮਣਕੇ ਹੁੰਦੇ ਸਨ, ਜਿਨ੍ਹਾਂ ਵਿਚੋਂ ਕੈਂਠੇ ਦੀਆਂ ਦੋ ਪਿਛਲੀਆਂ ਲੜੀਆਂ ਨੂੰ ਵਧਾਉਣ ਘਟਾਉਣ ਲਈ ਦੋ ਮਣਕੇ ਸੁਰਾਹੀ ਵਰਗੇ ਹੁੰਦੇ ਸਨ, ਨੂੰ ਸੁਰਾਹੀਆਂ ਕਿਹਾ ਜਾਂਦਾ ਸੀ। ਪੁਰਾਤਨ ਗਹਿਣਿਆਂ ਦਾ ਜਿਉਂ-ਜਿਉਂ ਰਿਵਾਜ ਖਤਮ ਹੁੰਦਾ ਗਿਆ, ਤਿਉਂ-ਤਿਉਂ ਕੈਂਠੇ ਦੀ ਥਾਂ ਅੱਜ ਕੱਲ੍ਹ ਚੇਨੀ (ਜ਼ੰਜੀਰ) ਨੇ ਮੱਲ ਲਈ, ਤੇ ਪੰਜਾਬ ਦੀਆਂ ਮੁਟਿਆਰਾਂ ਨੇ ਇਹ ਗੱਲ ਕਹਿਣੀ ਸ਼ੁਰੂ ਕਰ ਦਿੱਤੀ-


**ਹੋਇਆ ਕੈਂਠੇ ਦਾ ਰਿਵਾਜ ਪੁਰਾਣਾ,**
**ਚੇਨੀ ਘੜਵਾ ਲੈ ਹਾਣੀਆਂ।**

# ਦੇਸੀ ਮੰਜਿਆਂ ਨੂੰ ਮੀਂਹ ਵਿੱਚ ਪੈ ਜਾਂਦੀ ਸੀ ਕਾਣ

ਪੰਜਾਬ ਦੇ ਪੁਰਾਤਨ ਸਮਿਆਂ ਵਿੱਚ ਜਦੋਂ ਘਰਾਂ ਦੇ ਵਿੱਚ ਦੇਸੀ ਵਾਣ ਦੇ ਜਾਂ ਸੂਤ ਦੇ ਮੰਜੇ ਬੁਣੇ ਜਾਂਦੇ ਸਨ, ਓਨਾਂ ਨੂੰ ਬਣਵਾਉਣ ਦਾ ਕੰਮ ਵੀ ਪਿੰਡ ਦੇ ਤਰਖਾਣ ਤੋਂ ਹੀ ਕਰਵਾਇਆ ਜਾਂਦਾ ਸੀ।ਸੇਰੂ ਬਾਹੀਆਂ ਵਾਣ ਜਾਂ ਸੂਤ ਸ਼ਹਿਰੋਂ ਲਿਆਉਣਾ ਤੇ ਉਸ ਨੂੰ ਪਿੰਡ ਦੇ ਸੇਪੀ ਵਾਲੇ ਤਰਖਾਣ ਤੋਂ ਠੁਕਵਾ ਲੈਣਾ ਭਾਵ ਬਣਾ ਲੈਣਾ।ਉਸ ਤੋਂ ਬਾਅਦ ਮੰਜੇ ਦੇ ਇੱਕ ਸਾਈਡ ਭਾਵ ਦੌਣ ਵਾਲੇ ਪਾਸੇ ਮੱਲ ਪਾ ਕੇ ਵੱਟ ਚਾੜ੍ਹ ਕੇ ਉੱਤੇ ਕੱਪੜਾ ਲਪੇਟ ਕੇ ਸੇਰੂ ਦੇ ਵਿੱਚ ਅੜਾ ਦੇਣਾ ਤੇ ਬਾਹਰ ਦੁਪਹਿਰਾਂ ਵੇਲੇ ਨਿੰਮਾਂ ਜਾਂ ਕਿਕਰਾਂ ਦੀ ਛਾਂ ਹੇਠ ਬੁਨਣਾ ਜੋ ਓਨਾਂ ਸਮਿਆਂ ਦਾ ਰਿਵਾਜ ਸੀ। ਦੁਪਹਿਰ ਵੇਲੇ ਸਾਰੇ ਹੀ ਆਂਢ ਗੁਆਂਢ ਨੇ ਖੁਲੀ ਹਵਾ ਵਿੱਚ ਨਿੰਮਾਂ ਕਿਕਰਾਂ ਥੱਲੇ ਆਪੋ ਆਪਣੇ ਘਰਾਂ ਚੋਂ ਮੰਜੇ ਲਿਆ ਕੇ ਡਾਹ ਕੇ ਆਰਾਮ ਕਰਨਾ ਤੇ ਓਥੇ ਹੀ ਜਿਸ ਘਰ ਨੇ ਮੰਜਾ ਬੁਨਣਾ ਹੁੰਦਾ ਸੀ ਚੱਕ ਲਿਆਉਣਾ ਤੇ ਬੁਣ ਲੈਂਦੇ। ਕਈ ਵਾਰ ਤਾਂ ਪੂਰਾ ਮੰਜਾ ਬੁਣ ਲੈਂਦੇ ਜੇਕਰ ਥੋੜਾ ਬਹੁਤਾ ਰਹਿ ਜਾਂਦਾ ਤਾਂ ਅਗਲੇ ਦਿਨ ਵੀ ਬੁਣ ਲੈਂਦੇ।

ਰੰਗਦਾਰ ਸੂਤ ਦੇ ਮੰਜੇ ਵੀ ਬੜੇ ਸ਼ੌਕ ਨਾਲ ਬੁਣੇ ਜਾਂਦੇ ਰਹੇ ਹਨ। ਓਨਾਂ ਨੂੰ ਬੁਣ ਕੇ ਉੱਪਰ ਸੂਈ ਜਾਂ ਘੰਦੂਈ ਨਾਲ ਚਾਦਰ ਸਿਉਂ ਦੇਣੀ ਤਾਂ ਕਿ ਸੂਤ ਜਲਦੀ ਖਰਾਬ ਜਾਂ ਗੰਦਾ ਨਾ ਹੋਵੇ। ਇੱਕ ਘਰ ਵਿੱਚ ਦਸ ਦਸ ਮੰਜੇ ਹੋਇਆ ਕਰਦੇ ਸਨ। ਵਿਆਹ ਸ਼ਾਦੀਆਂ ਵਿੱਚ ਵੀ ਇਹੀ ਮੰਜੇ ਤੇ ਬਿਸਤਰੇ ਨੰਬਰ ਲਾ ਕੇ ਇਕੱਠੇ ਕਰਨੇ ਤੇ ਪਿੰਡੋਂ ਬਾਹਰ ਬਣੀਆਂ ਢਾਣੀਆਂ ਵਿੱਚ ਵੀ ਵਿਆਹ ਸ਼ਾਦੀਆਂ ਵਾਲੇ ਘਰਾਂ ਨੇ ਪਿੰਡ ਵਿਚੋਂ ਹੀ ਮੰਜੇ ਬਿਸਤਰੇ ਇਕੱਠੇ ਕਰਕੇ ਲੈ ਕੇ ਜਾਣੇ।

ਪਰ ਕਦੇ ਕਦਾਈਂ ਭੁੱਲ ਭੁਲੇਖੇ ਨਾਲ ਜੇਕਰ ਵਾਣ ਵਾਲਾ ਮੰਜਾ ਬਾਹਰ ਮੀਂਹ ਵਿੱਚ ਭਿੱਜ ਜਾਂਦਾ ਤਾਂ ਉਸ ਵਿੱਚ ਕਾਣ ਪੈ ਜਾਂਦੀ ਸੀ (ਫੋਟੋ ਦੀ ਤਰ੍ਹਾਂ) ਫਿਰ ਇਹ ਥੋੜੀ ਔਖਿਆਈ ਦੇ ਨਾਲ ਹੀ ਠੀਕ ਹੁੰਦਾ ਸੀ, ਇੱਕ ਪਾਸੇ ਕਿਸੇ ਜ਼ਿਆਦਾ ਭਾਰੇ ਘਰ ਦੇ ਮੈਂਬਰ ਨੂੰ ਬਿਠਾਉਣਾ ਤੇ ਦੂਜੇ ਪਾਸਿਓਂ ਮੰਜਾ ਥੱਲੇ ਨੂੰ ਨੱਪਣਾ ਕਾਫੀ ਦੇਰ ਇਉਂ ਬੈਠੇ ਰਹਿਣ ਨਾਲ ਵੀ ਜਦੋਂ ਉਠਣਾ ਓਵੇਂ ਹੀ ਫਿਰ ਹੋ ਜਾਂਦਾ ਸੀ।ਦੋ ਚਾਰ ਵਾਰ ਇਉਂ ਕਰਨ ਨਾਲ ਜਾਂ ਫਿਰ ਕਿਸੇ ਜਿਆਦਾ ਭਾਰ ਵਾਲੇ ਮੈਬਰ ਨੇ ਰਾਤ ਨੂੰ ਓਸੇ ਮੰਜੇ ਤੇ ਲੇਟਣਾ ਤਾਂ ਜਾ ਕੇ ਕਿਤੇ ਇਹ ਸਹੀ ਹੁੰਦਾ ਸੀ।ਪਰ ਸੂਤ ਦੇ ਮੰਜਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ ਕਿਉਂਕਿ ਇੱਕ ਤਾਂ ਓਹ ਵੇਖਣ ਦੇ ਵਿੱਚ ਵੀ ਬੜੇ ਸੋਹਣੇ ਲੱਗਦੇ ਸਨ ਤੇ ਉਪਰੋਂ ਚਾਦਰ ਵੀ ਉੱਤੇ ਸਿਉਂਤੀ ਹੁੰਦੀ ਸੀ ਇਸ ਕਰਕੇ ਓਹਨੂੰ ਸਾਰੇ ਪਰਿਵਾਰ ਹੀ ਜਾਣ ਤੋਂ ਪਿਆਰੇ ਰੱਖਦੇ ਸਨ।ਪਰ ਵਾਣ ਦੇ ਮੰਜਿਆਂ ਦੀ ਜ਼ਿਆਦਾ ਦੇਖ ਭਾਲ ਨਾ ਹੂੰਦੀ ਕਰਕੇ ਕਹਿ ਲਓ ਜਾਂ ਫਿਰ ਬਾਪੂ ਦਾ ਬਾਹਰਲੇ ਘਰੇ ਪਿਆ ਵਾਣ ਦਾ ਮੰਜਾ ਅਕਸਰ ਹੀ ਮੀਂਹ ਦੀ ਭੇਂਟ ਚੜ੍ਹ ਕੇ ਕਾਨਿਆਂ ਜਾਂਦਾ ਸੀ ਤੇ ਉਸ ਨੂੰ ਠੀਕ ਕਰਨ ਲਈ ਵੀ ਕਾਫ਼ੀ ਮਿਹਨਤ ਕਰਨੀ ਪੈਂਦੀ ਸੀ।



ਇਹ ਪੁਰਾਤਨ ਪੰਜਾਬ ਦੀਆਂ ਗੱਲਾਂ ਨੇ ਦੋਸਤੋ ਜਿਉਂ ਜਿਉਂ ਅਸੀਂ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ ਉਸ ਤੋਂ ਬਾਅਦ ਤਾਂ ਫਿਰ ਹੋਰ ਹੀ ਗੁੱਡੀਆਂ ਤੇ ਹੋਰ ਹੀ ਪਟੋਲੇ ਹੋ ਗਏ ਹਨ। ਡਬਲਬੈਡ ਲੋਹੇ ਦੇ ਬਣੇ ਹੋਏ ਮੰਜੇ ਲੋਹੇ ਦੇ ਬਣੇ ਇਕੱਠੇ ਹੋਣ ਵਾਲੇ ਮੰਜੇ ਤੇ ਹੋਰ ਪਤਾ ਨਹੀਂ ਕੀ ਕੁੱਝ ਬਣ ਗਿਆ ਹੈ। ਹੁਣ ਵਾਣ ਵਾਲੇ ਜਾਂ ਨਵਾਰੀ ਪਲੰਘ ਭਾਵ ਸੂਤ ਦੇ ਬਣੇ ਹੋਏ ਮੰਜੇ ਕਿਸੇ ਟਾਂਵੇ ਟਾਂਵੇ ਘਰਾਂ ਵਿੱਚ ਹੀ ਦਿਸਦੇ ਹਨ। ਕਿਉਂਕਿ ਨਵੀਂ ਪੀੜ੍ਹੀ ਇਨ੍ਹਾਂ ਨੂੰ ਪਸੰਦ ਨਹੀਂ ਕਰਦੀ ਪਰ ਪੁਰਾਤਨ ਪੰਜਾਬ ਵਿੱਚ ਇਹ ਧੀਆਂ ਭੈਣਾਂ ਦੇ ਦਾਜ ਵਿੱਚ ਵੀ ਦਿੱਤੇ ਜਾਂਦੇ ਰਹੇ ਹਨ।ਚੌਖੜੇ ਜਾ ਨੌਂ ਰੱਸੀਆਂ ਲੰਘਾ ਕੇ ਕੋਈ ਵਿਰਲੀ ਹੀ ਸਵਾਣੀ ਤੇ ਜਾਂ ਫਿਰ ਬਾਈ ਕੋਲ ਇਨ੍ਹਾਂ ਨੂੰ ਬੁਨਣ ਦੀ ਕਲਾ ਹੋਇਆ ਕਰਦੀ ਸੀ ਤੇ ਸਾਰਾ ਪਿੰਡ ਹੀ ਵਾਰੀ ਵਾਰੀ ਨਾਲ ਓਨਾਂ ਤੋਂ ਮੰਜੇ ਬਣਵਾਇਆ ਕਰਦੇ ਸਨ।

ਹੁਣ ਬਦਲੇ ਹਾਲਾਤਾਂ ਵਿੱਚ ਜੇਕਰ ਕਿਸੇ ਪੁਰਾਣੀ ਉਮਰ ਵਾਲੇ ਬਜ਼ੁਰਗ ਜਾਂ ਮਾਤਾ ਨੇ ਇਹ ਰੱਖੇ ਹੋਏ ਹਨ ਤਾਂ ਜਾਨ ਤੋਂ ਵੀ ਵਧ ਕੇ ਪਿਆਰ ਨਾਲ ਰੱਖੇ ਹੋਏ ਹਨ ਤੇ ਜਾਂ ਫਿਰ ਆਮ ਢਾਬਿਆਂ ਜਾਂ ਫਿਰ ਹਵੇਲੀ ਵਰਗੇ ਰੈਸਟੋਰੈਂਟਾਂ ਦੀ ਸ਼ਾਨ ਬਣਕੇ ਰਹਿ ਗਏ ਹਨ ਇਹੋ ਜਿਹੇ ਵਾਣ ਜਾਂ ਸੂਤ ਵਾਲੇ ਮੰਜੇ। ਓਨਾਂ ਨੇ ਆਪਣੀ ਗਾਹਕੀ ਨੂੰ ਲੁਭਾਉਣ ਤੇ ਆਪਣੇ ਵਿਰਸੇ ਦਾ ਅਨਿੱਖੜਵਾਂ ਅੰਗ ਕਰਕੇ ਇਨ੍ਹਾਂ ਦੇ ਪਾਵਿਆਂ ਨੂੰ ਮਨਭਾਉਂਦਾ ਰੰਗ ਵੀ ਕਰਵਾਇਆ ਹੁੰਦਾ ਹੈ ਤਾਂ ਕਿ ਆਉਣ ਵਾਲੇ ਗਾਹਕ ਉਸ ਨੂੰ ਵਿਰਸੇ ਦੇ ਪ੍ਰੇਮੀ ਵਜੋਂ ਜਾਨਣ। ਬਹੁਤ ਚੰਗੀ ਗੱਲ ਹੈ ਚਲੋ ਇਸੇ ਤਰ੍ਹਾਂ ਹੀ ਸਹੀ ਓਨਾਂ ਨੂੰ ਵੇਖ ਕੇ ਘੱਟੋ-ਘੱਟ ਪੁਰਾਤਨ ਬਜ਼ੁਰਗਾਂ ਨੂੰ ਆਪਣਾ ਅਤੀਤ ਚੇਤੇ ਆ ਜਾਂਦਾ ਹੈ ਤੇ ਨਾਲ ਗਏ ਪੋਤਰੇ ਪੋਤਰੀ ਜਾਂ ਦੋਹਤਿਆਂ ਨੂੰ ਓਹ ਮਾਣ ਨਾਲ ਇਹ ਵੀ ਜਰੂਰ ਦੱਸਦੇ ਨੇ ਕਿ ਆਹ ਸਾਡੇ ਸਮਿਆਂ ਦੇ ਮੰਜੇ ਤੇ ਪਲੰਘ ਹਨ।

ਸੋ ਦੋਸਤੋ ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ ਜੋ ਪਹਿਲਾਂ ਸੀ ਓਹ ਅੱਜ ਕਿਧਰੇ ਨਜਰ ਨਹੀਂ ਆਉਂਦਾ ਤੇ ਜੋ ਅੱਜ ਆਪਾਂ ਵੇਖ ਰਹੇ ਹਾਂ ਕੱਲ੍ਹ ਇਹ ਵੀ ਕਿਧਰੇ ਨਹੀਂ ਦਿਸਣਾ ਇਹ ਕੁਦਰਤੀ ਨੇਮ ਹੈ ਇਸ ਨੂੰ ਆਪਾਂ ਸਾਰਿਆਂ ਨੂੰ ਮੰਨਣਾ ਹੀ ਪੈਣਾ ਹੈ। ਹਾਂ ਕਦੇ ਕਦੇ ਓਹ ਪੁਰਾਤਨ ਸਮੇਂ ਯਾਦ ਜ਼ਰੂਰ ਆ ਜਾਂਦੇ ਨੇ ਜੋ ਤੁਹਾਡੇ ਸਾਰੇ ਦੋਸਤਾਂ ਮਿੱਤਰਾਂ ਨਾਲ ਸਾਂਝੇ ਕਰ ਲਈਦੇ ਨੇ।

– ਜਸਵੀਰ ਸ਼ਰਮਾਂ ਦੱਦਾਹੂਰ

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
## ਸਾਡਾ ਪੰਜਾਬੀ ਵਿਰਸਾ


012

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. ਪੰਜਾਬੀ ਸਾਹਿਤ 16 ਵੀਂ ਸਦੀ ਵਿਚ ਸ਼ੁਰੂ ਹੋਇਆ।
02. ਕਾਗਜ ਤੇ ਲਿੱਖ ਜਦੋਂ ਕਿਸੇ ਨੂੰ ਕੋਈ ਸੁਨੇਹਾ ਭੇਜਿਆ ਜਾਦਾ ਹੈ ਉਸ ਕਾਗਜ ਨੂੰ 'ਚਿੱਠੀ' ਕਿਹਾ ਜਾਦਾ ਹੈ।
03. ਬੇਨਤੀ ਪੱਤਰ ਨੂੰ 'ਅਰਜੀ' ਕਹਿੰਦੇ ਹਨ?
04. ਸੁਨੇਹੇ ਜਾਂ ਸੰਦੇਸ਼ ਨੂੰ 'ਪੈਗਾਮ' ਕਿਹਾ ਜਾਂਦਾ ਹੈ।
05. 'ਲਾਜਮੀ' ਸ਼ਬਦ ਦਾ ਕੀ ਮਤਲਬ 'ਜਰੂਰੀ' ਹੈ।
06. ਕਿਸੇ ਚੀਜ ਦੀ ਜੜ੍ਹ ਜਾਂ ਬੁਨਿਆਦ ਨੂੰ 'ਮੂਲ' ਕਿਹਾ ਜਾਦਾ ਹੈ।
07. ਕੱਚੀ ਲਿਖਾਈ ਨੂੰ 'ਖਰੜਾ' ਕਿਹਾ ਜਾਂਦਾ ਹੈ।
08. ਦਰੁਸਤ ਮਤਲਬ ਸਹੀ ਜਾਂ ਠੀਕ।
09. ਸ਼੍ਰੋਮਣੀ ਮਤਲਬ ਸਿਰਮੌਰ ਜਾਂ ਸਭ ਤੋਂ ਖਾਸ ਸਭ ਤੋਂ ਉਪਰਲਾ ਅਹੁੰਦਾ।
10. ਸਿਖਰ ਦੇ ਵਿਅਕਤੀ, ਪੂਰੇ, ਪੱਕੇ ਬਹੁੱਤ ਹੀ ਜਿਆਦਾ ਗਿਆਨ ਵਾਲੇ ਇਨਸ਼ਾਨ ਨੂੰ 'ਕਾਮਲ' ਕਿਹਾ ਜਾਦਾ ਹੈ।



ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

* ਅਣ ਲਿਮਟਿਡ ਖਬਰਾਂ ਅਤੇ ਕਵਰੇਜ।
* ਮਾਸਿਕ ਮੈਗਜੀਨ 'ਮਹਿਕ ਵਤਨ ਦੀ ਲਾਈਵ' (ਪ੍ਰੈਂਟ ਐਡੀਸ਼ਨ) ਦੇ ਹਰ ਅੰਕ ਵਿੱਚ ਰੰਗਦਾਰ ਇਸ਼ਤਿਹਾਰ।
* ਰੋਜਾਨਾ ਆਨਲਾਈਨ ਅਖਬਾਰ 'ਮਹਿਕ ਵਤਨ ਦੀ ਲਾਈਵ' ਵਿੱਚ ਹਰ ਰੋਜ ਪੂਰੇ ਸਫੇ ਦਾ ਰੰਗਦਾਰ ਇਸ਼ਤਿਹਾਰ।
* ਹਰ ਖਾਸ ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੇ ਟੈਲੀਕਾਸਟ।
* 'ਮਹਿਕ ਵਤਨ ਦੀ ਲਾਈਵ' ਸੋਸਲ ਮੀਡੀਆਂ ਸੈੱਲ ਵੱਲੋਂ ਹਰ ਦਿਨ-ਤਿਉਹਾਰ ਅਤੇ ਖਾਸ ਦਿਨ੍ਹਾਂ ਦੀਆਂ ਵਧਾਈਆਂ ਅਤੇ ਸੰਦੇਸ਼ ਦੀਆਂ ਪੋਸਟਾ ਤੁਹਾਡੇ ਨਾਮ ਤੇ ਅਸੀਂ ਸ਼ੋਸਲ ਮੀਡੀਆਂ ਤੇ ਅਪਲੋਡ ਕਰਾਗੇ।
* ਤੁਹਾਡੇ ਖਾਸ਼ ਪ੍ਰੋਗਰਾਮ ਅਤੇ ਖਾਸ ਰੀਵੈਂਟ ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ।

ਉਪਰੋਕਤ ਸਾਰੀਆਂ ਸੇਵਾਵਾਂ ਲੈਣ ਲਈ ਇੱਕ ਵਾਰ ਸਾਡਾ ਫੁੱਲ ਪੈਕੇਜ ਲਵੋ ਅਤੇ ਤਿੰਨ ਸਾਲ ਲਈ ਸਾਡੀਆਂ ਸੇਵਾਵਾ ਪ੍ਰਾਪਤ ਕਰੋ!

ਫੁੱਲ ਪੈਕੇਜ ਲੈਣ ਅਤੇ ਹੋਰ ਜਾਣਕਾਰੀ ਲਈ ਮੇਰੇ ਨਾਲ ਸੰਪਰਕ ਕਰ ਸਕਦੇ ਹੋ।

ਮੁੱਖ ਸੰਪਾਦਕ/ ਡਾਇਰੈਕਟਰ: ਭਵਨਦੀਪ ਸਿੰਘ ਪੁਰਬਾ
ਮਾਸਿਕ ਮੈਗਜੀਨ * ਰੋਜਾਨਾ ਆਨਲਾਈਨ ਅਖਬਾਰ * ਵੈੱਬ ਟੀ.ਵੀ.
International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ
Help Line: 9988-92-9988 * www.mehakwatandilive.com




# ਮਾਂ ਦਾ ਦੁੱਧ ਬੱਚੇ ਲਈ ਪੌਸ਼ਟਿਕ ਖੁਰਾਕ

ਮਾਂ ਦਾ ਦੁੱਧ ਨਵ-ਜਨਮੇ ਬੱਚੇ ਦੀ ਪਹਿਲੀ ਤੇ ਪੌਸ਼ਟਿਕ ਖੁਰਾਕ ਹੈ ਇਹ ਬੱਚੇ ਲਈ ਅੰਮ੍ਰਿਤ ਹੈ ਅਤੇ ਇਹ ਅੰਮ੍ਰਿਤਮਈ ਖੁਰਾਕ ਬੱਚੇ ਲਈ ਬਹੁਤ ਜ਼ਰੂਰੀ ਹੁੰਦੀ ਹੈ। ਇੱਕ ਇਹੀ ਖੁਰਾਕ ਬੱਚੇ ਨੂੰ ਬਿਮਾਰੀਆਂ ਤੋਂ ਬਚਾ ਕੇ ਤੰਦਰੁਸਤ ਜੀਵਨ ਪ੍ਰਦਾਨ ਕਰਦੀ ਹੈ। ਇਹ ਅੰਮ੍ਰਿਤਮਈ ਦੁੱਧ ਬੱਚੇ ਦੇ ਅੰਦਰ ਅਨੇਕਾਂ ਬਿਮਾਰੀਆਂ ਨਾਲ ਲੜਨ ਵਾਲੇ ਸੈੱਲ ਪੈਦਾ ਕਰਦਾ ਹੈ ਤਾਂ ਹੀ ਤੇ ਮਾਂ ਦਾ ਦੁੱਧ ਬੱਚੇ ਲਈ ਪੂਰਨ ਅਤੇ ਪੌਸ਼ਟਿਕ ਖੁਰਾਕ ਮੰਨਿਆ ਜਾਦਾ ਹੈ।

ਹਰ ਮਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚੇ ਨੂੰ ਆਪਣਾ ਦੁੱਧ ਪਿਲਾਕੇ ਸੁੰਦਰ, ਸਡੌਲ ਅਤੇ ਤੰਦਰੁਸਤ ਬਣਾਵੇ। ਮਾਂ ਜਦੋਂ ਆਪਣੇ ਬੱਚੇ ਨੂੰ ਗੋਦ ਵਿੱਚ ਬਿਠਾ ਆਪਣਾ ਦੁੱਧ ਪਿਲਾਉਂਦੀ ਹੈ ਤਾਂ ਮਾਂ ਤੇ ਬੱਚੇ ਦਾ ਪਿਆਰ ਹੋਰ ਵੀ ਗੂੜਾ ਹੋ ਜਾਦਾ ਹੈ ਤੇ ਬੱਚੇ ਨੂੰ ਦੁੱਧ ਪਿਲਾਉਣ ਦੇ ਬਹਾਨੇ ਮਾਂ ਅਰਾਮ ਵੀ ਕਰ ਲੈਦੀ ਹੈ।



ਮੇਰੀ ਸਾਰੀਆ ਬੀਬੀਆ, ਭੈਣਾ ਨੂੰ ਬੇਨਤੀ ਹੈ ਕਿ ਆਪਣੇ ਬੱਚੇ ਨੂੰ ਆਪਣਾ ਦੁੱਧ ਜ਼ਰੂਰ ਪਿਲਾਉ। ਕਈ ਕੁੜੀਆ ਦੇ ਮਨਾਂ ਵਿੱਚ ਇਹੀ ਡਰ ਲੱਗਿਆ ਰਹਿਦਾ ਹੈ ਕਿ ਫਿਗਰ ਖਰਾਬ ਹੋ ਜਾਵੇਗੀ ਇਹ ਗੱਲਾ ਬਿਲਕੁੱਲ ਗਲਤ ਹਨ। ਭਲਾ ਆਪਣੇ ਬੱਚੇ ਤੋਂ ਵੱਧਕੇ ਇੱਕ ਔਰਤ ਲਈ ਹੋਰ ਕੀ ਹੋ ਸਕਦਾ ਬਈ। ਇਸ ਲਈ ਬੱਚੇ ਦੇ ਜਨਮ ਤੋਂ 2 ਕੁ ਘੰਟੇ ਬਾਅਦ ਹੀ ਬੱਚੇ ਨੂੰ ਮਾਂ ਦਾ ਦੁੱਧ ਪਿਲਾ ਦੇਣਾ ਚਾਹੀਦਾ ਹੈ ਖਾਸ ਕਰਕੇ ਉਹ ਪਹਿਲੀਆਂ ਬੂੰਦਾਂ ਜੋ ਪੁਰਾਣੀਆ ਬੇਬੇ ਪਹਿਲਾ ਧਰਤੀ ਤੇ ਡੋਹਲ ਦਿੰਦੀਆਂ ਸਨ। ਕਦੇ ਵੀ ਪਹਿਲਾ ਦੁਧ ਡੋਲੋ ਨਾ ਜੇਕਰ ਬੱਚਾ ਮਾਂ ਦਾ ਦੁੱਧ ਅਜੇ ਚੁੰਘ ਨਹੀਂ ਸਕਦਾ ਤਾਂ ਚਮਚ ਵਿੱਚ ਕੱਢ ਕੇ ਪਿਲਾ ਦਿਉ। ਇਸ ਵਿੱਚ ਉਹ ਜ਼ਰੂਰੀ ਤੱਤ ਹੁੰਦੇ ਹਨ ਜੀ ਜਿਹੜੇ ਬੱਚੇ ਲਈ ਸੰਪੂਰਨ ਆਹਾਰ ਮੰਨੇ ਜਾਂਦੇ ਹਨ। ਇਸ ਲਈ ਮਾਂ ਦਾ ਦੁੱਧ ਬੱਚੇ ਲਈ ਬਹੁਤ ਜ਼ਰੂਰੀ ਹੈ ਪਰ ਜਦੋਂ ਬੱਚਾ ਵੱਡਾ ਹੋ ਜਾਵੇ ਤੇ ਇਕੱਲੇ ਮਾਂ ਦੇ ਦੁੱਧ ਨਾਲ ਨਾ ਰੱਜਦਾ ਹੋਵੇ ਤਾਂ ਨਾਲ-ਨਾਲ ਹਲਕਾ ਭੋਜਨ ਵੀ ਦਿੰਦੇ ਰਹੋ। ਜਿਸ ਨਾਲ ਬੱਚਾ ਰੱਜ ਕੇ ਚੰਗੀ ਨੀਂਦ ਲੈ ਸਕੇਗਾ। ਕਿਉਂਕਿ ਜੇਕਰ ਬੱਚਾ ਸੌਂਵੇਗਾ ਨਹੀਂ ਤਾਂ ਸਰੀਰ ਵਿੱਚ ਨਵੇਂ ਸੈੱਲ ਕਿਵੇਂ ਬਨਣਗੇ ਅਤੇ ਪੁਰਾਣੇ ਸੈੱਲਾ ਦੀ ਮੁਰੰਮਤ ਕਿਵੇ ਹੋਵੇਗੀ। ਇਸ ਲਈ ਬੱਚੇ ਦੀ ਖੁਰਾਕ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਮਾਂ ਵੀ ਬੱਚੇ ਦੇ ਨਾਲ-ਨਾਲ ਆਪਣੀ ਖੁਰਾਕ ਵੱਲ ਧਿਆਨ ਦੇਵੇ, ਪੂਰਨ ਖੁਰਾਕ ਜੇਕਰ ਮਾਂ ਲਵੇਗੀ ਤਾਂ ਹੀ ਤੁਹਾਡੇ ਦੁੱਧ ਰਾਹੀ ਬੱਚੇ ਨੂੰ ਵੀ ਜ਼ਰੂਰੀ ਤੱਤ ਮਿਲਣਗੇ। ਬੱਚੇ ਨੂੰ ਆਪਣਾ ਦੁੱਧ ਪਿਲਾਉਣ ਨਾਲ ਮਾਂ ਬੱਚਾ ਦੋਨੋ ਹੀ ਤੰਦਰੁਸਤ ਰਹਿੰਦੇ ਹਨ। ਮਾਂ ਤਾਂ ਛਾਤੀ ਦੇ ਕੈਂਸਰ ਜਿਹੀ ਭਿਆਨਕ ਬਿਮਾਰੀ ਤੋਂ ਬਚੀ ਰਹਿੰਦੀ ਹੈ ਤੇ ਬੱਚਾ ਡਾਇਰੀਆ, ਨਮੂਨੀਆਂ, ਉਲਟੀਆ, ਟੱਟੀਆ ਆਦਿ ਤੋਂ ਬਚਿਆ ਰਹਿੰਦਾ ਹੈ। ਸੋ ਮੇਰੀਓ ਬੱਚੀਓ ! ਆਪਣੇ ਬੱਚੇ ਨੂੰ ਆਪਣਾ ਦੁੱਧ ਪਿਲਾ ਕੇ ਬਿਮਾਰੀਆਂ ਤੋਂ ਬਚਾਓ। ਇਸ ਅੰਮ੍ਰਿਤ ਤੋਂ ਆਪਣੇ ਬੱਚੇ ਨੂੰ ਵਾਝਾਂ ਨਾ ਰੱਖੋ। ਕਈ ਕੁੜੀਆਂ ਆਪਣੇ ਸਰੀਰ ਵੱਲ ਵੇਖ-ਵੇਖ ਹੀ ਬੋਤਲ ਵਾਲਾ ਦੁੱਧ ਪਿਲਾਉਣਾ ਸ਼ੁਰੂ ਕਰ ਦਿੰਦੀਆਂ ਹਨ ਜਿਸ ਨਾਲ ਬੱਚੇ ਦਾ ਤਾਲੂਆ ਕਮਜ਼ੋਰ ਹੋ ਜਾਂਦਾ ਹੈ ਅਤੇ ਬੱਚਾ ਬਹੁਤ ਵੱਡਾ ਹੋਣ ਦੇ ਬਾਅਦ ਵੀ ਬੋਤਲ ਦੀ ਆਦਤ ਨਹੀਂ ਛੱਡਦਾ। ਇਸ ਕਰਕੇ ਹੀ ਜ਼ਿਆਦਾਤਰ ਬੱਚੇ ਬਿਮਾਰ ਰਹਿਣ ਲੱਗਦੇ ਹਨ।

ਪਹਿਲ ਤਾਂ ਮਾਂ ਦੇ ਦੁੱਧ ਨੂੰ ਹੀ ਦਿਓ ਪਰ ਜੇਕਰ ਕਿਤੇ ਅਵੇ-ਥੁੜੇ ਜ਼ਰੂਰਤ ਪਵੇ ਤਾਂ ਕੌਲੀ ਜਾਂ ਗਲਾਸੀ ਨਾਲ ਦੁੱਧ ਪਿਲਾਇਆ ਜਾ ਸਕਦਾ ਹੈ। ਸੋ ਚੰਗਾ ਲੱਗੇ ਤਾਂ ਗੌਰ ਜ਼ਰੂਰ ਕਰਨਾ, ਤੁਹਾਡਾ ਬੱਚਾ ਮਾਂ ਦੇ ਦੁੱਧ ਨਾਲ ਜਿੱਥੇ ਵੱਧ ਵਧੇ ਫੁੱਲੇਗਾ ਉੱਥੇ ਤੁਸੀਂ ਖੁਦ ਵੀ ਬੱਚਾ ਸੌਖਾ ਪਾਲ ਲਵੋਂਗੇ ਕਿਉਂਕਿ ਵਾਰ-ਵਾਰ ਰਸੋਈ ਦੇ ਗੇੜੇ ਵੀ ਨਹੀਂ ਲੱਗਣਗੇ ਤੇ ਟਾਇਮ ਅਤੇ ਨੀਂਦ ਵੀ ਨਹੀਂ ਖਰਾਬ ਹੋਵੇਗੀ। ਤੁਸੀਂ ਆਪਣੇ ਬੱਚੇ ਦਾ ਪਾਲਣ, ਪੋਸ਼ਣ ਵੀ ਸਹੀ ਤੇ ਸੌਖੇ ਤਰੀਕੇ ਨਾਲ ਕਰ ਲਵੋਂਗੇ।

**- ਪਰਮਜੀਤ ਕੌਰ ਸੋਢੀ,**
**ਭਗਤਾ ਭਾਈਕਾ,**
**ਮੋ. 94786-58384**

# ਸਹੀ ਨਾਸ਼ਤਾ ਵਧਾਏ ਦਿਮਾਗ ਦੀ ਤਾਕਤ



ਸਾਰਾ ਦਿਨ ਸਾਵਧਾਨੀ ਵਰਤਣ, ਬਿਹਤਰ ਦਿਮਾਗੀ ਤਾਕਤ ਅਤੇ ਯਾਦਸ਼ਕਤੀ ਮਜ਼ਬੂਤ ਰੱਖਣ ਲਈ ਸਿਹਤਮੰਦ ਨਾਸ਼ਤਾ ਕਰਨਾ ਬੇਹੱਦ ਜ਼ਰੂਰੀ ਹੈ। ਕਈ ਖੋਜਾਂ ਸਿੱਧ ਕਰ ਚੁੱਕੀਆਂ ਹਨ ਕਿ ਨਾਸ਼ਤਾ ਧਿਆਨ ਕੇਂਦਰਿਤ ਕਰਨ, ਦਿਮਾਗੀ ਕਾਰਜ ਅਤੇ ਯਾਦ ਸ਼ਕਤੀ ਵਧਾਉਣ 'ਚ ਮਹੱਤਵਪੂਰਨ ਯੋਗਦਾਨ ਦਿੰਦਾ ਹੈ। ਖੋਜਾਂ ਇਹ ਵੀ ਦਰਸਾਉਂਦੀਆਂ ਹਨ ਕਿ ਰੁਟੀਨ 'ਚ ਨਾਸ਼ਤਾ ਕਰਨ ਵਾਲੇ ਲੋਕਾਂ ਦਾ ਆਪਣੇ ਕੰਮ ਪ੍ਰਤੀ ਨਜ਼ਰੀਆ ਬਿਹਤਰ ਰਹਿੰਦਾ ਹੈ ਅਤੇ ਧਿਆਨ ਕੇਂਦਰਿਤ ਰੱਖਣ 'ਚ ਵੀ ਉਨ੍ਹਾਂ ਨੂੰ ਕਾਫੀ ਆਸਾਨੀ ਹੁੰਦੀ ਹੈ। ਨਾਸ਼ਤਾ ਨਾ ਕਰਨ ਨਾਲ ਨਾ ਸਿਰਫ ਭਾਰ ਘਟਾਉਣ ਦੇ ਯਤਨਾਂ ਨੂੰ ਧੱਕਾ ਲਗਦਾ ਹੈ, ਸਗੋਂ ਇਸ ਨਾਲ ਵਿਅਕਤੀ ਸਾਰਾ ਦਿਨ ਸੁਸਤ, ਚਿੜਚਿੜਾ ਤੇ ਸ਼ਾਮ ਹੋਣ ਤੱਕ ਵਧੇਰੇ ਥਕਾਵਟ ਮਹਿਸੂਸ ਕਰਨ ਲੱਗਦਾ ਹੈ। ਇਨਾ ਹੀ ਨਹੀਂ, ਨਾਸ਼ਤਾ ਨਾ ਕਰਨ ਵਾਲੇ ਲੋਕਾਂ ਦੀ ਦਿਨ ਦੌਰਾਨ ਵਧੇਰੇ ਚਿਕਨਾਈ ਤੇ ਫੈਟ ਵਾਲਾ ਭੋਜਨ ਖਾਣ ਦੀ ਸੰਭਾਵਨਾ ਕਈ ਗੁਣਾ ਵੱਧ ਜਾਂਦੀ ਹੈ। ਸਿਹਤਮੰਦ ਖੁਰਾਕ ਦੇ 5 ਮਹੱਤਵਪੂਰਨ ਬਿੰਦੂਆਂ 'ਤੇ ਗੌਰ ਕਰਦੇ ਹਾਂ, ਜਿਨ੍ਹਾਂ ਦੀ ਪਾਲਣਾ ਕਰਕੇ ਤੁਸੀਂ ਵੀ ਸਾਰਾ ਦਿਨ ਤਰੋ-ਤਾਜ਼ਾ ਅਤੇ ਸੁਚੇਤ ਮਹਿਸੂਸ ਕਰੋਗੇ।

ਕੀ ਖਾਣਾ ਹੈ, ਇਸ ਦੀ ਚੋਣ ਧਿਆਨ ਨਾਲ ਕਰੋ¢ ਸਹੀ ਖੁਰਾਕ ਦੀ ਚੋਣ ਕਰਕੇ ਤੁਸੀਂ ਆਪਣੇ ਨਾਸ਼ਤੇ ਨੂੰ ਰੇਸ਼ਿਆਂ ਅਤੇ ਪੋਸ਼ਣ ਭਰਪੂਰ ਬਣਾ ਸਕਦੇ ਹੋ। ਨਾਸ਼ਤੇ 'ਚ ਲਏ ਜਾਣ ਵਾਲੇ ਭੋਜਨ 'ਚ ਐਂਟੀ-ਆਕਸੀਡੈਂਟਸ ਦਾ ਪੱਧਰ ਵਧੇਰੇ ਹੋਣਾ ਚਾਹੀਦੈ, ਜਿਸ ਨਾਲ ਵਿਅਕਤੀ ਕਈ ਤਰ੍ਹਾਂ ਦੇ ਰੋਗਾਂ ਤੋਂ ਸੁਰੱਖਿਅਤ ਰਹਿੰਦਾ ਹੈ।

ਨਾਸ਼ਤਾ ਬਹੁਤ ਜ਼ਿਆਦਾ ਮਾਤਰਾ 'ਚ ਜਾਂ ਭਾਰਾ ਨਹੀਂ ਹੋਣਾ ਚਾਹੀਦਾ, ਜਿਸ ਨਾਲ ਅਸਹਿਜਤਾ ਜਾਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਏ¢ ਭਾਰਾ ਨਾਸ਼ਤਾ ਸਰੀਰ 'ਚ ਊਰਜਾ ਦੀ ਕਮੀ ਪੈਦਾ ਕਰਕੇ ਲਾਭ ਦੀ ਥਾਂ ਨੁਕਸਾਨ ਦੇ ਸਕਦਾ ਹੈ। ਜੇਕਰ ਤੁਸੀਂ ਨਾਸ਼ਤਾ ਕਰਨ ਤੋਂ ਬਾਅਦ ਕੁਝ ਘੰਟਿਆਂ ਲਈ ਸਰੀਰਕ ਰੂਪ 'ਚ ਕਿਰਿਆਹੀਣ ਰਹਿਣ ਵਾਲੇ ਹੋ (ਜਿਵੇਂ ਕਿ ਕਲਾਸ 'ਚ ਪੜ੍ਹਾਈ ਜਾਂ ਆਫਿਸ ਆਦਿ 'ਚ ਟੇਬਲ 'ਤੇ ਕੰਮ ਕਰਦਿਆਂ) ਤਾਂ ਵਧੇਰੇ ਚਿਕਨਾਈ ਜਾਂ ਫੈਟ ਵਾਲਾ ਭੋਜਨ ਅਤੇ ਉਚ ਗਲਾਈਸੈਮਿਕ ਭੋਜਨ ਨਹੀਂ ਖਾਣਾ ਚਾਹੀਦਾ।

**ਸਿਹਤਮੰਦ ਖਾਣੇ ਲਈ ਹੇਠ ਲਿਖਿਆਂ 'ਚੋਂ ਕਿਸੇ ਇਕ ਦੀ ਚੋਣ ਕੀਤੀ ਜਾ ਸਕਦੀ ਹੈ-**

* ਹੋਲਗ੍ਰੇਨ (ਸਾਬਤ ਅਨਾਜ)/ਮਿਊਜ਼ਲੀ (ਅੰਨ ਅਤੇ ਫਲਾਂ ਦਾ ਮਿਸ਼ਰਣ) ਗ੍ਰੇਨੋਲਾ (ਜਈ, ਮੇਵੇ, ਸ਼ਹਿਦ, ਚੌਲਾਂ ਦੇ ਮੁਰੁੰਡਿਆਂ ਦਾ ਮਿਸ਼ਰਣ) + ਦੁੱਧ (ਲੋਅ ਫੈਟ ਜਾਂ ਸੋਇਆ ਮਿਲਕ) + ਬਦਾਮ ਆਦਿ ਵਰਗੇ ਮੇਵੇ।
* ਸਬਜ਼ੀ ਜਾਂ ਫਲ ਵਾਲੇ ਹੋਲਗ੍ਰੇਨ ਟੋਸਟ¢
* ਪੁੰਗਰੇ ਅਨਾਜ+ਲੱਸੀ¢
* ਦਹੀਂ ਨਾਲ ਸਬਜ਼ੀਆਂ ਸਮੇਤ ਵੇਸਣ/ਦਾਲ ਚਿੱਲਾ¢

**ਇਨ੍ਹਾਂ 'ਚੋਂ ਕਿਸੇ ਇਕ ਤਰਲ ਪਦਾਰਥ ਨੂੰ ਵੀ ਨਾਸ਼ਤੇ 'ਚ ਸ਼ਾਮਲ ਕਰੋ-**

* ਦੁੱਧ : ਸੋਇਆ/ਲੋਅ ਫੈਟ ਡੇਅਰੀ ਮਿਲਕ/ਮਿਲਕਸ਼ੇਕ¢
* ਚਾਹ : ਗ੍ਰੀਨ ਟੀ (ਚੰਗਾ ਹੋਵੇਗਾ ਜੇਕਰ ਮਿੱਠੇ ਤੋਂ ਬਿਨਾਂ ਹੋਵੇ)/ਕੌਫੀ¢
* ਲੱਸੀ
* ਸਮੂਦੀ (ਤਾਜ਼ਾ ਫਲਾਂ ਨਾਲ ਬਣਿਆ ਸੰਘਣਾ ਰਸ)

# ਤਸਵੀਰਾਂ ਬੋਲਦੀਆਂ !
















## ਹਾਸਿਆਂ-ਠੱਠਿਆਂ, ਭਾਵੁਕਤਾ ਭਰੀ ਅਤੇ ਪਿਓ-ਪੁੱਤ ਦੇ ਰਿਸ਼ਤੇ ਦੀ ਕਹਾਣੀ ਫ਼ਿਲਮ 'ਸ਼ਿੰਦਾ-ਸ਼ਿੰਦਾ ਨੋ ਪਾਪਾ'



ਪੰਜਾਬੀ ਸਿਨੇਮਾ ਤੇਜ਼ੀ ਨਾਲ ਅੱਗੇ ਵੱਲ ਨੂੰ ਵੱਧ ਰਿਹਾ ਹੈ ਤੇ ਦਰਸ਼ਕਾਂ ਲਈ ਨਵੇਂ ਨਵੇਂ ਵਿਸ਼ੇ ਤੇ ਤਿਆਰ ਫਿਲਮਾਂ ਲੈ ਕੇ ਆ ਰਿਹਾ ਹੈ। ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ੇ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ। ਇਸੇ ਰੁਝਾਨ ਤਹਿਤ ਇੱਕ ਵੱਖਰੇ ਵਿਸ਼ੇ ਤੇ ਬਣ ਕੇ ਤਿਆਰ ਹੋਈ ਫ਼ਿਲਮ 'ਸ਼ਿੰਦਾ-ਸ਼ਿੰਦਾ ਨੋ ਪਾਪਾ' ਜੋ ਕਿ ਪਿਉ ਪੁੱਤ ਦੀਆਂ ਦਿਲਚਸਪ ਸ਼ਰਾਰਤੀ ਘਟਨਾਵਾਂ 'ਤੇ ਅਧਾਰਤ ਹੈ। ਜਿਸ ਵਿਚ ਗਿੱਪੀ ਗਰੇਵਾਲ ਅਤੇ ਉਸਦਾ ਬੇਟਾ ਸ਼ਿੰਦਾ ਗਰੇਵਾਲ ਮੁੱਖ ਕਿਰਦਾਰਾਂ ਵਿੱਚ ਨਜ਼ਰ ਆਉਣਗੇ। ਸ਼ਿੰਦਾ ਨੇ ਛੋਟੀ ਉਮਰ ਤੋਂ ਹੀ ਫਿਲਮਾਂ ਵਿੱਚ ਆਪਣੀ ਅਦਾਕਾਰੀ ਦਾ ਜਲਵਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਉਸ ਦੇ ਕਿਊਟਨੈਸ ਨੂੰ ਫੈਨਜ਼ ਵੱਲੋਂ ਵੀ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਫ਼ਿਲਮ ਦੀ ਕਹਾਣੀ ਸ਼ਿੰਦਾ ਦੀ ਹੈ, ਜੋ ਇੱਕ ਸ਼ਰਾਰਤੀ ਬੱਚਾ ਹੈ ਅਤੇ ਆਪਣੇ ਪਿਤਾ ਦਾ ਜੀਵਨ ਮੁਸ਼ਕਿਲ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਦਾ। ਇਹ ਫ਼ਿਲਮ ਸ਼ਰਾਰਤੀ ਬੱਚਿਆਂ ਦੁਆਲੇ ਘੁੰਮਦੀ ਹੈ ਜੋ ਕਈ ਵਾਰ ਭਰੀ ਮਹਿਫ਼ਲ ਵਿਚ ਆਪਣੀਆਂ ਅਜ਼ੀਬ ਹਰਕਤਾਂ ਨਾਲ ਮਾਹੌਲ ਨੂੰ ਹਾਸੇ ਦਾ ਤਮਾਸ਼ਾ ਬਣਾ ਦਿੰਦੇ ਹਨ। ਪਿਓ-ਪੁੱਤ ਦੀ ਜੋੜੀ ਪਹਿਲੀ ਵਾਰ ਵੱਡੇ ਪਰਦੇ 'ਤੇ ਆਪਣੀ ਨੋਕ-ਝੋਕ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕਰਨ ਲਈ ਤਿਆਰ ਹੈ। ਇਸ ਫਿਲਮ ਵਿੱਚ ਪਿਓ-ਪੁੱਤ ਦੀ ਮਜ਼ੇਦਾਰ ਜੁਗਲਬੰਦੀ ਨੂੰ ਦੇਸੀ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। 'ਬਿੱਗ ਬੌਸ ਸੀਜ਼ਨ-11' ਦੀ ਮੁਕਾਬਲੇਬਾਜ਼ ਹਿਨਾ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਇਸ ਫ਼ਿਲਮ 'ਚ ਹਿਨਾ ਖ਼ਾਨ ਸ਼ਿੰਦਾ ਦੀ ਮਾਂ ਦੇ ਕਿਰਦਾਰ 'ਚ ਨਜ਼ਰ ਆ ਰਹੀ ਹੈ। ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨਪਲੇਅ ਨਰੇਸ਼ ਕਥੂਰੀਆ ਨੇ ਲਿਖਿਆ ਹੈ। ਫ਼ਿਲਮ ਅਮਰਪ੍ਰੀਤ ਜੀ. ਐੱਸ. ਛਾਬੜਾ ਦੇ ਨਿਰਦੇਸ਼ਨ ਹੇਠ ਬਣੀ ਹੈ ਅਤੇ ਫ਼ਿਲਮ ਦੇ ਨਿਰਮਾਤਾ ਗਿੱਪੀ ਗਰੇਵਾਲ, ਰਵਨੀਤ ਕੌਰ ਗਰੇਵਾਲ, ਬਿਕਰਮ ਮਹਿਰਾ ਅਤੇ ਸ਼ਿਧਾਰਤ ਆਨੰਦ ਕੁਮਾਰ ਹਨ।

ਹੰਬਲ ਮੋਸ਼ਨ ਪਿਕਚਰਜ਼ ਅਤੇ ਸਾਰੇਗਾਮਾ ਦੀ ਪੇਸ਼ਕਸ ਇਸ ਫ਼ਿਲਮ ਵਿੱਚ ਗਿੱਪੀ ਗਰੇਵਾਲ, ਹੀਨਾ ਖ਼ਾਨ ਅਤੇ ਸ਼ਿੰਦਾ ਗਰੇਵਾਲ ਤੋਂ ਇਲਾਵਾ ਗਿੱਪੀ ਗਰੇਵਾਲ, ਸ਼ਿੰਦਾ ਗਰੇਵਾਲ, ਹਿਨਾ ਖ਼ਾਨ, ਪ੍ਰਿੰਸ ਕੰਵਲਜੀਤ ਸਿੰਘ, ਜਸਵਿੰਦਰ ਭੱਲਾ, ਨਿਰਮਲ ਰਿਸ਼ੀ, ਗੁਰੀ ਘੁੰਮਣ, ਰਘਵੀਰ ਬੋਲੀ, ਹਰਦੀਪ ਗਿੱਲ, ਸੀਮਾ ਕੌਸ਼ਲ, ਹਰਿੰਦਰ ਭੁੱਲਰ ਅਤੇ ਏਕੋਮ ਗਰੇਵਾਲ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। 'ਸ਼ਿੰਦਾ ਸ਼ਿੰਦਾ ਨੋ ਪਾਪਾ' ਨੂੰ ਵੇਖਣ ਲਈ ਫੈਨਜ਼ ਕਾਫੀ ਉਤਸ਼ਾਹਿਤ ਹਨ ।

*– ਜਿੰਦ ਜਵੰਦਾ Mob. 94638-28000*

## ਪੰਜਾਬੀ ਸਿਨੇਮਾ 'ਚ ਨਵੀਂ ਆਮਦ ਅਦਾਕਾਰਾ ਸਿਸ਼ਟੀ ਜੈਨ!

*-ਜਿੰਦ ਜਵੰਦਾ Mob. 97795-91482*



ਸਿਸ਼ਟੀ ਜੈਨ ਛੋਟੇ ਪਰਦੇ ਯਾਨੀ ਕੀ ਟੈਲੀਵਿਜ਼ਨ ਦੀ ਨਾਮੀਂ ਅਦਾਕਾਰਾ ਹੈ ਜਿਸਨੇ ਛੋਟੇ ਪਰਦੇ ਦੇ ਵੱਡੇ ਸੀਰੀਅਲਾਂ ਵਿਚ ਵੱਖਰੀ ਪਛਾਣ ਬਣਾਉਣ ਤੋਂ ਬਾਅਦ ਫ਼ਿਲਮੀ ਪਰਦੇ ਵੱਲ ਕਦਮ ਵਧਾਉਦਿਆਂ ਆਪਣੀ ਵੱਡੀ ਅਤੇ ਵੱਖਰੀ ਪਛਾਣ ਬਣਾਈ ਹੈ। ਹੁਣ ਜਲਦ ਹੀ ਦਰਸ਼ਕ ਸ੍ਰਿਸ਼ਟੀ ਜੈਨ ਨੂੰ ਨਿਰਮਾਤਾ ਤੋਂ ਹੀਰੋ ਬਣੇ ਅਮੀਕ ਵਿਰਕ ਨਾਲ ਫ਼ਿਲਮ ਜੂਨੀਅਰ ਵਿੱਚ ਬਤੌਰ ਅਦਾਕਾਰਾ ਨਜ਼ਰ ਆਵੇਗੀ। ਇਸ ਫਿਲਮ ਵਿੱਚ ਆਪਣੇ ਕਿਰਦਾਰ ਬਾਰੇ ਗੱਲ ਕਰਦਿਆਂ ਸ੍ਰਿਸ਼ਟੀ ਜੈਨ ਨੇ ਦੱਸਿਆ ਕਿ ਇਸ ਫ਼ਿਲਮ ਉਸਨੇ "ਸੁਮੈਰਾ" ਨਾਂ ਦੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜੋ ਬਹੁਤ ਪਿਆਰੀ, ਚੁਲਬੁਲੀ ਤੇ ਮਿਲਣਸਾਰ ਹੈ। ਇਸ ਫ਼ਿਲਮ ਵਿੱਚ ਦਰਸ਼ਕ ਰੁਮਾਂਸ ਤੋਂ ਇਲਾਵਾ ਇਕ ਮਾਂ ਦੀਆਂ ਮਮਤਾ ਭਰੀਆਂ ਭਾਵਨਾਵਾਂ ਤੇ ਦਰਦ ਵਿਛੋੜੇ ਦੇ ਵੱਖ-ਵੱਖ ਸੇਡਜ਼ ਵਾਲੇ ਕਿਰਦਾਰਾਂ ਨੂੰ ਵੇਖਣਗੇ ਸ੍ਰਿਸ਼ਟੀ ਜੈਨ ਨੇ ਅੱਗੇ ਦੱਸਿਆ ਕਿ ਬਚਪਨ ਤੋਂ ਹੀ ਉਸਨੂੰ ਕਲਾ ਨਾਲ ਮੋਹ ਸੀ ਤੇ ਇਕ ਐਕਟਰਸ ਬਣਨਾ ਚਾਹੁੰਦੀ ਸੀ ਪਰੰਤੂ ਘਰ ਦੇ ਹਾਲਾਤਾਂ ਤੇ ਪਰਿਵਾਰਕ ਮੰਨਜ਼ੂਰੀ ਨੇ ਉਸਨੂੰ ਬਹੁਤ ਸਮੇਂ ਲਈ ਅੱਗੇ ਨਾ ਆਉਣ ਦਿੱਤਾ ਫਿਰ ਜਦ ਉਸਦੇ ਪਿਤਾ ਜੀ ਦੀ ਜੌਬ ਬਦਲ ਕੇ ਮੁੰਬਈ ਲੱਗੀ ਤਾਂ ਕਾਲਜ ਪੜ੍ਹਦਿਆਂ ਉਸਦਾ ਸੰਪਰਕ ਕੁਝ ਸੀਨੀਅਰ ਕਲਾਕਾਰਾਂ ਨਾਲ ਹੋਇਆ ਜੋ ਪਾਰਟ ਟਾਇਮ ਫ਼ਿਲਮਾਂ ਚ ਐਕਟਿੰਗ ਕਰਦੇ ਸੀ। ਉਸਨੇ ਵੀ ਔਡੀਸ਼ਨ ਦੇਣੇ ਸ਼ੁਰੂ ਕੀਤੇ। ਕਾਫ਼ੀ ਮੇਹਨਤ ਮਗਰੋਂ ਉਸਨੂੰ ਵੀ ਕੰਮ ਮਿਲਣ ਲੱਗਿਆ ਤੇ ਉਹ ਟੈਲੀਵਿਜ਼ਨ ਦੀ ਨਾਮੀਂ ਅਭਿਨੇਤਰੀ ਬਣ ਗਈ। ਜ਼ਿਕਰਯੋਗ ਹੈ ਕਿ ਸ੍ਰਿਸ਼ਟੀ ਜੈਨ ਨੇ ਸਟਾਰ ਪਲੱਸ ਲਈ 'ਮੇਰੀ ਦੁਰਗਾ' ਤੇ ਸੋਨੀ ਟੀ ਵੀ ਲਈ 'ਮੈਂ ਮਾਇਕੇ ਚਲੀ ਜਾਊਂਗੀ' ਵਰਗੇ ਵੱਡੇ ਸੀਰੀਅਲ ਕੀਤੇ। ਇਸ ਤੋਂ ਇਲਾਵਾ ਬਾਲੀਵੁੱਡ ਫ਼ਿਲਮਾਂ 'ਵਾਰ ਚੋੜ ਨਾ ਯਾਰ' ਤੇ 'ਦੰਡ' ਫ਼ਿਲਮਾਂ ਵਿੱਚ ਵੀ ਅਹਿਮ ਕਿਰਦਾਰ ਨਿਭਾਏ। ਟੈਲੀਵਿਜ਼ਨ ਤੇ ਉਸਦੇ 'ਸੁਹਾਨੀ ਸੀ ਏਕ ਲੜਕੀ', 'ਮੇਰੀ ਦੁਰਗਾ', 'ਮੈਂ ਮਾਇਕੇ ਚਲੀ ਜਾਊਂਗੀ', 'ਏਕ ਥੀ ਰਾਣੀ ਏਕ ਥਾ ਰਾਵਨ', 'ਅਲੀ ਬਾਬਾ', 'ਬੜੇ ਅੱਛੇ ਲਗਤੇ ਹੈ-3' ਆਦਿ ਚਰਚਿਤ ਲੜੀਵਾਰ ਹਨ।

ਪੰਜਾਬੀ ਫ਼ਿਲਮ "ਜੂਨੀਅਰ" ਬਾਰੇ ਸ੍ਰਿਸ਼ਟੀ ਜੈਨ ਨੇ ਦੱਸਿਆ ਇਹ ਫ਼ਿਲਮ ਕਰਾਈਮ ਦੀ ਦੁਨੀਆ ਦਾ ਹਿੱਸਾ ਰਹੇ ਇਕ ਐਸੇ ਨੌਜਵਾਨ ਦੀ ਕਹਾਣੀ ਹੈ ਜੋ ਆਮ ਨਾਗਰਿਕ ਦੀ ਜ਼ਿੰਦਗੀ ਜਿਊਣਾ ਚਾਹੁੰਦਾ ਹੈ ਪ੍ਰੰਤੂ ਉਸਦੇ ਹੱਸਦੇ-ਵਸਦੇ ਪਰਿਵਾਰ ਵਿਚ ਉਸ ਵੇਲੇ ਸੱਥਰ ਵਿਛ ਜਾਂਦਾ ਹੈ ਜਦ ਉਸਦੀ ਮਾਸੂਮ ਬੱਚੀ ਗੈਂਗਸਟਰਾਂ ਦੀ ਗੋਲੀ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਫ਼ਿਲਮ ਵਿਚ ਇੰਨਸਾਨੀ ਜੀਵਨ ਤੇ ਕਰਾਈਮ ਦੀ ਦੁਨੀਆਂ ਦਾ ਸੱਚ ਬਹੁਤ ਹੀ ਬਰੀਕੀ ਨਾਲ ਪੇਸ਼ ਕੀਤਾ ਗਿਆ ਹੈ। ਇੱਕ ਹੋਰ ਗੱਲ ਕਿ ਇਹ ਫ਼ਿਲਮ ਆਮ ਫ਼ਿਲਮਾਂ ਵਰਗੀ ਨਹੀਂ ਹੈ ਇਸ ਵਿਚ ਪੰਜਾਬੀ ਦੇ ਨਾਲ ਨਾਲ ਹਿੰਦੀ, ਅੰਗਰੇਜ਼ੀ ਤੇ ਕੁਝ ਹੋਰ ਭਾਸ਼ਾਵਾਂ ਵੀ ਹਨ। ਨਦਰ ਫ਼ਿਲਮਜ ਦੀ ਪੇਸ਼ਕਸ ਨਿਰਮਾਤਾ ਬੀਰਇੰਦਰ ਕੌਰ ਤੇ ਅਮੀਕ ਵਿਰਦ ਦੀ ਇਸ ਫ਼ਿਲਮ ਵਿਚ ਅਮੀਕ ਵਿਰਕ, ਸ੍ਰਿਸ਼ਟੀ ਜੈਨ, ਕਬੀਰ ਬੇਦੀ, ਯੋਗਰਾਜ ਸਿੰਘ, ਪਰਦੀਪ ਚੀਮਾ, ਅਜੇ ਜੇਠੀ, ਰੋਮੀ ਸਿੰਘ, ਰਾਮ ਔਜਲਾ, ਪਰਦੀਪ ਰਾਵਤ, ਰਾਣਾ ਜੈਸਲੀਨ ਤੇ ਕਬੀਰ ਸਿੰਘ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਨਿਰਦੇਸ਼ਨ ਹਰਮਨ ਢਿੱਲੋਂ ਤੇ ਨਦਰ ਫ਼ਿਲਮਜ ਨੇ ਦਿੱਤਾ ਹੈ।

ਜੰਤਰੀਆਂ, ਕੈਲੰਡਰ, ਡਾਇਰੀਆਂ, ਮੈਗਜ਼ੀਨ, ਪੁਸਤਕਾਂ, ਸਟਿੱਕਰ, ਪੋਸਟਰ

ਛਪਵਾਉਣ ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

ਮਹਿਕ ਵਤਨ ਦੀ
ਐਡਵੋਟਾਈਜਮੈਂਟ ਕੰਪਨੀ (ਰਜਿ:)

Help Line:
9988-92-9988
E-mail: mehakwattandi@rediffmail.com
www.mehakwatandilive.com




# ਮਿੱਠੀ ਜੇਲ੍ਹ ਹੈ ਪਰਦੇਸਾਂ ਦਾ ਪਰਵਾਸ

-ਭਵਨਦੀਪ ਸਿੰਘ ਪੁਰਬਾ
ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ'
Ph. India 9988-92-9988, Canada 647-998-9143



ਵਿਦੇਸ਼ ਜਾਣ ਦੀ ਲਲਕ ਨੇ ਪੰਜਾਬੀਆਂ ਨੂੰ ਇੰਨਾ ਪਾਗਲ ਕਰ ਦਿੱਤਾ ਹੈ ਕਿ ਉਹ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਜਾਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਏਜੰਟਾਂ ਦੇ ਵਿਖਾਏ ਸਬਜ਼ਬਾਗ ਅਤੇ ਵਿਦੇਸ਼ਾਂ ਤੋਂ ਆਏ ਐਨ.ਆਰ.ਆਈ. ਜਦ ਭਾਰਤ ਵਿੱਚ ਆ ਕੇ ਖੁੱਲ੍ਹਾ-ਡੁੱਲ੍ਹਾ ਖਰਚਾ ਕਰਦੇ ਹਨ ਤਾਂ ਭਾਰਤ ਅਤੇ ਖਾਸ ਕਰਕੇ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵਿੱਚ ਜਾਣ ਲਈ ਤਰਲੋਮੱਛੀ ਹੋ ਜਾਂਦੇ ਹਨ।

ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਵਿਦੇਸ਼ਾ 'ਚ ਵੱਸਦੇ ਪੰਜਾਬੀਆਂ ਦੇ ਅਸਲ ਵਿੱਚ ਹਾਲਾਤ ਕੀ ਹਨ। ਉਹ 4-5 ਹਜ਼ਾਰ ਕ੍ਰੇਡਿਟ ਚੁੱਕ ਕੇ ਪੰਜਾਬ ਦੇ ਟੂਰ 'ਤੇ ਜਾਂਦੇ ਹਨ ਤੇ ਉੱਥੇ ਜਾ ਕੇ ਉਹ ਲੱਖਾਂ ਬਣ ਜਾਂਦੇ ਹਨ, ਜਿੰਨ੍ਹਾ ਨਾਲ ਉਹ ਖੁੱਲ੍ਹਾ-ਡੁੱਲ੍ਹਾ ਖਰਚਾ ਤੇ ਐਸ਼ਪ੍ਰਸਤੀ ਕਰਦੇ ਹਨ। ਉਨ੍ਹਾਂ ਨੂੰ ਵੇਖ ਕੇ ਪੰਜਾਬੀ ਨੌਜਵਾਨ ਸੋਚਦੇ ਹਨ ਕਿ ਬਾਹਰਲੇ ਮੁਲਕਾਂ ਵਿੱਚ ਪਤਾ ਨਹੀਂ ਕਿਹੜਾ ਕੁਬੇਰ ਦਾ ਖਜਾਨਾ ਪਿਆ ਹੈ। ਪਰ ਕੈਨੇਡਾ ਵਗੈਰਾ ਦੇਸ਼ਾਂ ਵਿੱਚ ਪਹੁੰਚ ਕੇ ਹੀ ਪਤਾ ਲੱਗਦਾ ਹੈ ਕਿ ਇਹ ਦੇਸ਼ ਕਲਪਨਾ ਵਿੱਚ ਕੁਝ ਹੋਰ ਹਨ ਤੇ ਅਸਲ ਵਿੱਚ ਕੁਝ ਹੋਰ।

ਸਭ ਤੋਂ ਪਹਿਲਾਂ ਤਾਂ ਇਨ੍ਹਾਂ ਯੂਰਪੀ ਕੰਟਰੀਆਂ ਵਿੱਚ ਆਉਣਾ ਔਖਾ ਹੈ, ਫਿਰ ਇੱਥੇ ਆ ਕੇ ਕੰਮ ਲੱਭਣੇ ਔਖੇ ਹਨ ਤੇ ਜੇ ਕੰਮ ਮਿਲ ਜਾਣ ਤਾਂ ਕੰਮ ਕਰਨੇ ਔਖੇ ਹਨ। ਕੱਚੇ ਤੌਰ 'ਤੇ ਵਿਦੇਸ਼ਾਂ ਵਿੱਚ ਰਹਿ ਰਹੇ ਵਿਅਕਤੀਆਂ ਲਈ ਤਾਂ ਇਹ ਜ਼ਿਆਦਾ ਹੀ ਮੁਸ਼ਕਿਲਾਂ ਭਰਿਆ ਹੁੰਦਾ ਹੈ। ਪੰਜਾਬ ਵਾਂਗ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਲਾਲਚੀ ਏਜੰਟ ਪੰਜਾਬੀਆਂ ਦਾ ਰੱਜ ਕੇ ਸ਼ੋਸ਼ਣ ਕਰਦੇ ਹਨ। ਪੰਜਾਬੀ ਏਜੰਟ ਹੀ ਆਪਣੇ ਪੰਜਾਬੀ ਵੀਰਾਂ ਦੀ ਮਜਬੂਰੀ ਦਾ ਫਾਇਦਾ ਉਠਾਉਂਦੇ ਹੋਏ ਜੌਬ ਲੈਟਰ ਅਤੇ ਪੀ.ਆਰ੍ਹ ਕਰਵਾਉਣ ਦੇ ਝਾਂਸਿਆਂ ਵਿੱਚ ਕਈ-ਕਈ ਹਜਾਰ ਡਾਲਰ ਵਸੂਲਦੇ ਹਨ। ਸੁਨਹਿਰੇ ਭਵਿੱਖ ਦੀ ਕਲਪਨਾ 'ਚ ਵਿਅਕਤੀ ਕਈ-ਕਈ ਸਾਲ ਹੱਡ-ਭੰਨਵੀਂ ਮਿਹਨਤ ਕਰ ਕੇ ਕੀਤੀ ਸਾਰੀ ਕਮਾਈ ਏਜੰਟਾਂ ਨੂੰ ਦੇਣ ਲਈ ਮਜ਼ਬੂਰ ਹੋ ਜਾਂਦਾ ਹੈ।



ਸਟੱਡੀ ਬੇਸ 'ਤੇ ਆਏ ਬੱਚਿਆਂ ਦਾ ਤਾਂ ਇੱਥੇ ਬਿਲਕੁਲ ਬੁਰਾ ਹਾਲ ਹੈ।

ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਚੰਗੇ ਪੈਸੇ ਵਾਲੇ ਹਨ, ਉਹ ਤਾਂ ਐਸ਼ਾਂ ਕਰਦੇ ਹਨ ਪਰ ਆਮ ਘਰਾਂ ਦੇ ਬੱਚਿਆਂ ਦੀ ਹਾਲਤ ਤਰਸਯੋਗ ਹੈ। ਕਈ ਵਿਦਿਆਰਥੀ ਰਾਤ ਨੂੰ ਕੰਮ ਕਰਦੇ ਹਨ, ਦਿਨੇ ਕਾਲਜ ਜਾਂਦੇ ਹਨ। ਉਨ੍ਹਾਂ ਦੀਆਂ ਨੀਂਦਾਂ ਵੀ ਪੂਰੀਆਂ ਨਹੀਂ ਹੁੰਦੀਆਂ। ਮਾਪਿਆਂ ਦੇ ਦੁੱਧ ਮੱਖਣਾਂ ਨਾਲ ਪਾਲੇ ਮੁੰਡੇ-ਕੁੜੀਆਂ ਇੱਥੇ ਹੋਟਲਾਂ, ਫੈਕਟਰੀਆਂ ਆਦਿ ਵਿੱਚ ਨੌਕਰਾਂ ਵਾਂਗ ਕੰਮ ਕਰਦੇ ਹਨ। ਸੁਨਹਿਰੇ ਭਵਿੱਖ ਦੀ ਆਸ ਵਿੱਚ ਆਪਣੇ ਮਾਪਿਆਂ ਦੇ ਪਿਆਰ ਤੋਂ ਵਾਂਝੇ ਬੱਚਿਆਂ ਦੇ ਸੁਪਨੇ ਸਾਕਾਰ ਹੋਣਗੇ ਜਾਂ ਨਹੀਂ ਇਹ ਦਾ ਵਕਤ ਹੀ ਦੱਸੇਗਾ।

ਜਦੋਂ ਕਦੇ ਦਿਨ, ਕਦੇ ਰਾਤ! ਕਦੀ ਕੋਈ ਕੰਮ ਅਤੇ ਕਦੇ ਕੋਈ ਕੰਮ ਕਰਕੇ ਆਪਣੇ ਮਾਤਾ-ਪਿਤਾ ਅਤੇ ਧੀਆਂ-ਪੁੱਤਰਾਂ ਤੋਂ ਦੂਰ ਹੋ ਕੇ ਕੀਤੀਆਂ ਜਾਂਦੀਆਂ ਕਮਾਈਆਂ ਅਤੇ ਵਿਛੋੜੇ ਦਾ ਦਰਦ ਝੱਲਣਾ ਪੈਂਦਾ ਹੈ ਤਾਂ ਆਪਣੇ ਸੋਹਣੇ ਦੇਸ਼ ਪੰਜਾਬ ਬਾਰੇ ਖਿਆਲ ਆਉਂਦਾ ਹੈ। ਸਾਡਾ ਰੰਗਲਾ ਪੰਜਾਬ, ਜਿਸ ਦੀ ਧਰਤੀ 'ਤੇ ਅੱਜ ਭ੍ਰਿਸ਼ਟਾਚਾਰ, ਬੇਰੁਜਗਾਰੀ, ਨਸ਼ੇ ਆਦਿ ਕੁਰੀਤੀਆਂ ਨੇ ਪੈਰ ਜਮਾਏ ਹੋਏ ਹਨ, ਇਸ ਸਭ ਦੇ ਬਾਵਜੂਦ ਵੀ ਪੰਜਾਬ ਵਿੱਚ ਕਦੇ ਕੋਈ ਭੁੱਖਾ ਨਹੀਂ ਸੌਂਦਾ। ਇੱਕ-ਇੱਕ ਆਦਮੀ ਕਮਾਈ ਕਰਕੇ ਸਾਰੇ ਟੱਬਰ ਦਾ ਪੇਟ ਪਾਲ ਸਕਦਾ ਹੈ ਪਰ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਸਾਰਾ-ਸਾਰਾ ਟੱਬਰ ਕਮਾ ਕੇ ਹੀ ਆਪਣਾ ਘਰ ਤੋਰ ਸਕਦਾ ਹੈ।



ਚਾਹੇ ਪਹਿਲਾਂ ਆਏ ਪੰਜਾਬੀਆਂ ਨੇ ਕੈਨੇਡਾ ਵਿੱਚ ਕਈ ਮੁਕਾਮ ਹਾਸਲ ਕੀਤੇ ਹਨ। ਇੱਥੇ ਪੜ੍ਹਾਈ ਕਰਕੇ ਚੰਗੀਆਂ ਨੌਕਰੀਆਂ ਲਈਆਂ ਹਨ। ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੋਏ ਹਨ। ਆਪਣੇ ਘਰ ਤੇ ਆਪਣੇ ਬਿਜਨਸ ਕਰਜਾ ਮੁਕਤ ਕਰ ਲਏ ਹਨ ਪਰ ਅਜਿਹੇ ਪੰਜਾਬੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇੱਥੇ ਇਹ ਵੀ ਜਿਕਰਯੋਗ ਹੈ ਕਿ ਉਹ ਚਾਹੇ ਆਪਣੇ-ਆਪ ਨੂੰ ਪੰਜਾਬੀ ਅਖਵਾਉਂਦੇ ਹਨ ਪਰ ਉਨ੍ਹਾਂ ਦੇ ਪੋਤੇ-ਪੜੋਤੇ ਪੰਜਾਬੀ ਨਹੀਂ ਹੋਣਗੇ। ਉਹ ਆਪ ਪੰਜਾਬ ਵਿੱਚ ਗੇੜੇ ਲਾਉਣਗੇ। ਉਨ੍ਹਾਂ ਨੂੰ ਪੰਜਾਬ ਦਾ ਮੋਹ ਹੈ। ਉਨ੍ਹਾਂ ਦੇ ਧੀਆਂ-ਪੁੱਤ ਕਦੇ-ਕਦਾਈ ਪੰਜਾਬ ਵੇਖਣ ਜਾ ਸਕਦੇ ਹਨ ਪਰ ਉਨ੍ਹਾਂ ਦੇ ਪੋਤੇ-ਪੜੋਤੇ ਕਦੇ ਪੰਜਾਬ ਨਹੀਂ ਜਾਣਗੇ। ਉਹ ਕੈਨੇਡਾ ਵਿੱਚ ਜੰਮਣਗੇ, ਕੈਨੇਡਾ ਵਿੱਚ ਪੜ੍ਹਨਗੇ ਤੇ ਕੈਨੇਡਾ ਦੇ ਮਾਹੌਲ ਨੂੰ ਅਪਣਾ ਕੇ ਆਪਣੀ ਮਰਜੀ ਨਾਲ ਜ਼ਿੰਦਗੀ ਜਿਉਣਗੇ। ਉਹ ਪੰਜਾਬੀ ਨਹੀਂ ਹੋਣਗੇ, ਉਹ ਸਿਰਫ ਕੈਨੇਡੀਅਨ ਹੀ ਹੋਣਗੇ।

ਕੈਨੇਡਾ ਦੀਆਂ ਖੂਬੀਆਂ ਅਤੇ ਮੁਸ਼ਕਿਲਾਂ ਦਾ ਸਿਰਫ ਉਸ ਇਨਸਾਨ ਨੂੰ ਹੀ ਫਰਕ ਨਜ਼ਰ ਆਵੇਗਾ ਜਿਸ ਨੇ ਪੰਜਾਬ ਦੀ ਜਿੰਦਗੀ ਨੂੰ ਵੇਖਿਆ ਹੈ। ਕੈਨੇਡਾ ਵਿੱਚ ਜੰਮੇ ਬੱਚਿਆਂ ਨੂੰ ਕੀ ਪਤਾ ਕਿ ਪੰਜਾਬ ਚੰਗਾ ਹੈ ਜਾਂ ਕੈਨੇਡਾ! ਜਿਹੜੇ ਵਿਅਕਤੀ ਪੰਜਾਬ ਤੋਂ ਕਈ-ਕਈ ਮੁਸ਼ਕਲਾਂ ਝੱਲ ਕੇ ਕੈਨੇਡਾ ਪਹੁੰਚੇ ਹਨ ਤੇ ਕੈਨੇਡਾ ਜਾ ਕੇ ਕਈ-ਕਈ ਮੁਸ਼ਕਲਾਂ ਮੁਸੀਬਤਾਂ ਝੱਲ ਕੇ ਕੈਨੇਡਾ ਸੈਟਲ ਹੋਏ ਹਨ ਉਹ ਹੀ ਜਾਣਦੇ ਹਨ ਕਿ ਇਸ ਮਿਹਨਤ ਨੇ ਕੀ ਖੁਸ਼ੀਆਂ ਦਿੱਤੀਆਂ ਹਨ। ਜਿਸ ਨੂੰ ਸਭ ਕੁਝ ਕੀਤਾ-ਕਰਾਇਆ ਮਿਲ ਗਿਆ ਉਸ ਨੂੰ ਇਨ੍ਹਾਂ ਖੁਸ਼ੀਆਂ ਦਾ ਕੋਈ ਆਨੰਦ ਨਹੀਂ ਹੋਵੇਗਾ।

ਭਾਵੇਂ ਕੈਨੇਡਾ ਵਰਗੇ ਦੇਸ਼ਾਂ ਵਿੱਚ ਲੱਖ ਮੁਸੀਬਤਾਂ ਝੱਲ ਕੇ ਗੁਜਾਰਾ ਹੁੰਦਾ ਹੈ ਪਰ ਇੱਥੋਂ ਦੀਆਂ ਸੁਖ-ਸਹੂਲਤਾਂ ਅਤੇ ਆਪਣੀ ਕੀਤੀ ਮਿਹਨਤ ਦਾ ਮੁੱਲ ਵੇਖ ਕੇ ਇਹ ਦੇਸ਼ ਜ਼ਰੂਰ ਸਵਰਗਾਂ ਦਾ ਅਹਿਸਾਸ ਕਰਵਾਉਂਦੇ ਹਨ। ਇਹ ਵੀ ਇੱਕ ਸੱਚਾਈ ਹੈ ਕਿ ਕੈਨੇਡਾ ਦੀ ਮੁਸ਼ਕਲ ਭਰੀ ਜਿੰਦਗੀ ਹਰ ਕੋਈ ਬਿਆਨ ਕਰਦਾ ਹੈ ਪਰ ਪੰਜਾਬ ਨੂੰ ਵਾਪਸ ਬਹੁਤ ਘੱਟ ਲੋਕ ਮੁੜਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਵੱਸਦੇ ਲੋਕ ਐਨ.ਆਰ.ਆਈਜ ਦੁਆਰਾ ਦੱਸੀਆਂ ਮੁਸ਼ਕਲਾਂ ਨੂੰ ਸੱਚ ਨਹੀਂ ਮੰਨਦੇ ਤੇ ਕਹਿੰਦੇ ਹਨ ਕਿ ਜੇਕਰ ਕੈਨੇਡਾ ਵਿੱਚ ਇਨੀਆਂ ਮੁਸ਼ਕਲਾਂ ਹਨ ਤਾਂ ਤੁਸੀਂ ਵਾਪਸ ਕਿਉਂ ਨਹੀਂ ਆ ਜਾਂਦੇ? ਐਨ.ਆਰ.ਆਈਜ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਹੁੰਦਾ, ਜਿਸ ਕਾਰਨ ਪੰਜਾਬ ਵਾਸੀ ਐਨ.ਆਰ.ਆਈਜ ਨੂੰ ਝੂਠਾ ਸਮਝਦੇ ਹਨ ਕਿ ਸਾਨੂੰ ਬੁਲਾਉਣ ਦੇ ਮਾਰੇ ਇਹ ਗੱਲਾਂ ਆਖਦੇ ਹਨ ਪਰ ਸਭ ਨੂੰ ਕਿੰਝ ਸਮਝਾਇਆ ਜਾਵੇ ਕਿ ਕੈਨੇਡਾ ਮਿੱਠੀ ਜੇਲ੍ਹ ਹੈ ਜਿਸ ਵਿਚੋਂ ਵਾਪਸ ਆਉਣ ਨੂੰ ਵੀ ਦਿਲ ਨਹੀਂ ਕਰਦਾ।

SARBAT DA BHALA ਸਰਬੱਤ ਦਾ ਭਲਾ
# ਸਰਬੱਤ ਦਾ ਭਲਾ
ਚੈਰੀਟੇਬਲ ਟਰੱਸਟ (ਰਜਿ:)
ਇਕਾਈ ਜ਼ਿਲ੍ਹਾ ਮੋਗਾ ਵੱਲੋਂ



ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ

# ਮੁਫਤ ਕੰਪਿਊਟਰ ਕੋਰਸ
ਕੋਰਸ: 6 ਮਹੀਨੇ, ਟਾਈਮ 2 ਘੰਟੇ / Course: 6 Month, Class Time: 2 Hour
ਯੋਗਤਾ: ਦਸਵੀ ਪਾਸ (ਸਰਕਾਰ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਟ)
ਨੇੜੇ ਗੁਰਦੁਆਰਾ ਸਾਹਿਬ, ਬਸਤੀ ਗੋਬਿੰਦਗੜ੍ਹ ਮੋਗਾ
ਸੰਪਰਕ: 90565-48918, 94647-87498, 83608-17686




CLASSIFIED ADVT. / ਕਲਾਸੀਫਾਈਡ ਇਸ਼ਤਿਹਾਰ
## ਪਲਾਟ ਵਿਕਾਊ
ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।
ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ
ਸੰਪਰਕ ਕਰੋ: 98141-21463
ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988




# ਮਿੰਨੀ ਕਹਾਣੀਆਂ

## ਅਸਲੀ ਤਸਕਰ ਕੌਣ?

ਨੇਤਾ ਜੀ ਨੇ ਥਾਣੇ ਖ਼ਬਰ ਪਹੁੰਚਾਈ ਕਿ ਫਟਾ-ਫਟ ਇਲਾਕੇ ਦੇ ਨਸ਼ੇ ਦੇ ਸਾਰੇ ਤਸਕਰਾਂ ਨੂੰ ਇਕ ਹਫ਼ਤੇ ਦੇ ਅੰਦਰ-ਅੰਦਰ ਕਾਬੂ ਕਰੋ ਤੇ ਨਸ਼ੇ ਨੂੰ ਕਬਜ਼ੇ ਵਿੱਚ ਲਵੋ। ਥਾਣੇਦਾਰ ਨੇ ਗੁਦਾਮ ਵਿਚ ਭੁੱਕੀ ਦੀਆਂ ਬੋਰੀਆਂ ਤੇ ਸ਼ਰਾਬ ਦੀਆਂ ਬੋਤਲਾਂ ਤੇ ਅਫ਼ੀਮ ਦਾ ਟਰੱਕ ਭਰ ਗਿਆ। ਅਮਲੀਆਂ ਤੇ ਤਸਕਰਾਂ ਨੂੰ ਕੁੱਝ ਦਿਨ ਥਾਣੇ ਵਿੱਚ ਰੱਖਣ ਤੋਂ ਬਾਅਦ ਸਿਫਾਰਸ਼ ਆਦਿ ਨਾਲ ਚੇਤਾਵਨੀ ਦੇ ਕੇ ਛੱਡ ਦਿੱਤਾ ਗਿਆ। ਕਾਸਟੇਬਲ ਨੇ ਕਿਹਾ, ਹਜ਼ੂਰ ਇਹ ਨਸ਼ੇ ਦੇ ਭਰੇ ਟਰੱਕ ਦਾ ਕੀ ਕਰੀਏ।

ਥਾਣੇਦਾਰ ਨੇ ਮੁੱਛਾਂ ਤੇ ਹੱਥ ਫੇਰਦਿਆਂ ਕਿਹਾ, ਜਾਵੋ ਇਹਨੂੰ ਨੇਤਾ ਧਰਮ ਚੰਦ ਜੀ ਦੀ ਕੋਠੀ ਪਹੁੰਚਾ ਦੇਵੋ। ਉਹਨਾਂ ਸੁਨੇਹਾ ਘਲਿਆ ਐ ਕਿ ਅੱਗੇ ਆ ਰਹੀਆਂ ਚੋਣਾਂ ਲਈ ਭੁੱਕੀ, ਸ਼ਰਾਬ ਦੇ ਲੰਗਰ ਲਾਏ ਜਾਣਗੇ। ਉਹਨਾਂ ਨੂੰ ਮਾਲ ਦੀ ਸਖ਼ਤ ਜ਼ਰੂਰਤ ਹੈ। ਕਾਸਟੇਬਲ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਨਸ਼ੇ ਦੇ ਅਸਲੀ ਤਸਕਰ ਕੌਣ? ਉਹ ਜੋ ਨਸ਼ਾ ਵੇਚਦੇ ਹਨ ਜਾਂ ਉਹ ਜੋ ਸ਼ਰੇਆਮ ਨਸ਼ੇ ਦੇ ਲੰਗਰ ਲਾਉਂਦੇ ਹਨ।

**- ਸੁਖਵਿੰਦਰ ਕੌਰ 'ਹਰਿਆਓ'**
**ਸਕੱਤਰ ਮਾਲਵਾ ਲਿਖਾਰੀ ਸਭਾ, ਸੰਗਰੂਰ**

## ਕਲੀਨ ਚਿੱਟ

ਇੱਕ ਪਟਵਾਰੀ ਨੇ ਕਾਫੀ ਦੇਰ ਬਾਅਦ ਮਿਲੇ ਦੂਸਰੇ ਜ਼ਿਲ੍ਹੇ ਦੇ ਪਟਵਾਰੀ ਨੂੰ ਬੜੀ ਉਤਸੁਕਤਾ ਨਾਲ ਸਵਾਲ ਕਰਦਿਆਂ, ਪੁੱਛਿਆ, 'ਯਾਰ ਤੂੰ ਤਾਂ ਭਾਰੀ ਰਿਸ਼ਵਤ ਲੈਣ ਦੇ ਕੇਸ ਵਿੱਚ ਬੁਰੀ ਤਰ੍ਹਾਂ ਫਸ ਗਿਆ ਸੀ, ਪਰ ਤੂੰ ਤਾਂ ਫਿਰ ਸਰਕਾਰੀ ਰਿਕਾਰਡ ਅੱਜ ਚੁੱਕੀ ਫਿਰਦੈ...ਕੀ ਤੂੰ 8-10 ਮਹੀਨਿਆਂ 'ਚ ਹੀ ਇਸ ਝਮੇਲੇ ਚੋਂ ਨਿਕਲ ਪਿਐ।

ਹਾਂ, ਯਾਰ ਮੈਂ ਬਰੀ ਹੋ ਗਿਐਂ। ਮੈਨੂੰ ਕਲੀਨ ਚਿੱਟ ਮਿਲ ਗਈ ਸੀ।

ਹੈਂ? ਬਰੀ, ਪਰ ਯਾਰ ਕਿਵੇਂ...ਤੈਨੂੰ ਕਿਸ ਨੇ ਬਚਾਇਆ ਸਾਨੂੰ ਵੀ ਦੱਸ ਦੇ, ਕਿਤੇ ਲੋੜ ਪੈ ਜਾਂਦੀ ਐ।

'ਰਿਸ਼ਵਤ ਰਾਣੀ ਨੇ।'

ਹੈਂ, ਯਾਰ ਕਮਾਲ ਐ...ਰਿਸ਼ਵਤ ਦੇ ਕੇਸ 'ਚ ਤੂੰ ਖੁਦ ਫਸਿਆ ਤੇ ਬਚਾਇਆ, ਅਖੇ ਰਿਸ਼ਵਤ ਰਾਣੀ ਨੇ।

ਪਰ ਯਾਰ ਉਹ ਕਿਵੇਂ?

ਗੱਲ ਇਹ ਐ, ਕਿ ਬਈ ਭੀਮਿਆ ਤੈਨੂੰ ਪਤੈ, ਕਿ ਜਿਵੇਂ ਲੋਹੇ ਨੂੰ ਲੋਹਾ ਕੱਟਦੈ, ਬੰਦੇ ਨੂੰ ਬੰਦਾ। ਉਵੇਂ ਰਿਸ਼ਵਤ ਨੂੰ ਰਿਸ਼ਵਤ ਹੀ ਭਸਮ ਕਰਦੀ ਐ¢ਤੇ ਮੈਂ ਰਿਸ਼ਵਤ ਲੈਣ ਦੇ ਮੱਕੜੀ ਜਾਲ 'ਚ ਫਸਿਆ ਸੀ ਤੇ ਫਿਰ ਮੈਂ ਵੀ ਅੱਗੇ ਰਿਸ਼ਵਤ ਦੇ ਕੇ ਹੀ ਇਸ ਜਾਲ 'ਚੋਂ ਮੁਕਤ ਹੋ ਗਿਆ।

**ਡਾ. ਸਾਧੂ ਰਾਮ ਲੰਗੇਆਣਾ,**
**ਪਿੰਡ:- ਲੰਗੇਆਣਾ ਕਲਾਂ (ਮੋਗਾ)**

## ਰੋਟੀ ਦੇ ਰੂਪ

ਬੀਬੀ ਇੱਕ ਰੋਟੀ ਦੇ ਦੇ, ਇੱਕ ਰੋਟੀ ਦੇ ਦੇ ਬੀਬੀ। ਘਰ ਦੇ ਮੇਨ ਗੇਟ ਤੇ ਇਕ ਬੱਚਾ ਬਾਰ-ਬਾਰ ਇਹੀ ਰੱਟ ਲਗਾਈ ਜਾ ਰਿਹਾ ਸੀ, ਜਿਸ ਦੀ ਅਵਾਜ਼ ਵਿਚ ਇੱਕ ਤਰਲਾ ਜਿਹਾ ਸੀ, ਪਰ ਘਰ ਦੇ ਅੰਦਰ ਇਸ ਦੇ ਤਰਲੇ ਦਾ ਕਿਸੇ ਤੇ ਕੋਈ ਅਸਰ ਨਹੀਂ ਹੋ ਰਿਹਾ ਸੀ।"ਨੀ ਰਾਣੀ ਕਿੰਨਾ ਕੁ ਟੈਮ ਲੱਗੂ ਤੈਨੂੰ? ਆਪਾਂ ਬਾਬੇ ਦੀ ਰੋਟੀ ਬਾਰਾਂ ਵਜੇ ਤੋਂ ਪਹਿਲਾ ਖਵਾਉਣੀ ਐ, ਮਗਰੋਂ ਨੀ ਲੱਗਦੀ ਹੁੰਦੀ। ਅਚਾਨਕ ਮੇਰੀ ਨਾਨੀ ਨੇ ਚੁੱਲੇ ਚੌਕੇ ਵਿਚ ਕੰਮ ਕਰਦੀ ਆਪਣੀ ਨੂੰਹ ਮੇਰੀ ਮਾਸੀ ਨੂੰ ਤਾੜਣਾ ਜਹੀ ਕੀਤੀ।

"ਬੱਸ, ਬੀਜੀ ਖੀ ਬਣ ਗਈ ਐ, ਤੁਸੀਂ ਬਾਬਾ ਜੀ ਨੂੰ ਸੱਦ ਲਿਆਓ। ਮੇਰੀ ਮਾਸੀ ਨੇ ਵੀ ਖੀਰ ਵਾਲੇ ਪਤੀਲੇ ਵਿਚ ਕੜਛੀ ਮਾਰਦਿਆਂ ਜਵਾਬ ਦਿੱਤਾ।"ਸੋ ਫੇਰ ਮੈਂ ਬਾਬੇ ਨੂੰ ਸੱਦ ਈ ਲਿਆਵਾਂ। ਮੇਰੀ ਨਾਨੀ ਨੇ ਮੰਜੇ ਤੋਂ ਉੱਠਦੀ ਹੋਈ ਨੇ ਕਿਹਾ।"ਬੀਬੀ ਇੱਕ ਰੋਟੀ ਦੇ ਦੇ। ਬਾਹਰੋਂ ਫਿਰ ਉਸੇ ਬੱਚੇ ਦੀ ਅਵਾਜ਼ ਆਈ।"ਲਿਆ ਨੀ ਜੇ ਕੋਈ ਰਾਤ ਦੀ ਰੋਟੀ ਪਈ ਐ ਤਾਂ ਪਹਿਲਾਂ ਇਹਦਾ ਮੱਥਾ ਡੰਮਾ, ਕਦੋਂ ਦਾ ਕਾਵਾਂ ਰੌਲੀ ਪਾਈ ਜਾਂਦੈ। ਨਾਨੀ ਨੇ ਗੇਟ ਵੱਲ ਵੇਖਦੀ ਨੇ ਕਿਹਾ ਤੇ ਕੰਧੋਲੀ ਤੇ ਪਈਆਂ ਦੋ ਸੁੱਕੀਆਂ ਜਹੀਆਂ ਰੋਟੀਆਂ ਚੱਕ ਕੇ ਬਾਹਰ ਜਾਂਦੀ ਨੇ ਬੱਚੇ ਦੇ ਹੱਥ ਤੇ ਰੱਖ ਦਿੱਤੀਆਂ, ਤੇ ਆਪ ਬਾਬੇ ਨੂੰ ਸੱਦਣ ਚਲੀ ਗਈ।

**-ਜਗਦੀਸ਼ ਪ੍ਰੀਤਮ, ਠੱਠੀ ਭਾਈ**

## ਪਾਪ ਦੀ ਕਮਾਈ

ਮੈਂ ਆਪਣੇ ਪਿੰਡ ਦੇ ਕੁਝ ਲੜਕਿਆਂ ਨਾਲ ਸ਼ਹਿਰ ਕਾਲਜ ਵਿਚ ਪੜਦਾ ਸੀ। ਮੈਂ ਸਾਧਾਰਨ ਪਰਿਵਾਰ ਦਾ ਲੜਕਾ ਹੋਣ ਕਰਕੇ ਘਰੋਂ ਕਦੇ ਵੀ ਜੇਬ ਖਰਚ ਵਾਸਤੇ ਰੁਪਏ ਨਹੀਂ ਲੈ ਕੇ ਗਿਆ ਸੀ। ਕਿਉਂਕਿ ਮੈਨੂੰ ਆਪਣੇ ਘਰ ਦੀ ਪਤਲੀ ਹਾਲਤ ਦਾ ਪਤਾ ਸੀ। ਮੈਂ ਹਮੇਸ਼ਾ ਦਿਲ ਗਾ ਕੇ ਪੜਦਾ ਅਤੇ ਕਦੇ ਵੀ ਕੋਈ ਪੀਰੀਅਡ ਖਾਲੀ ਨਾ ਜਾਣ ਦਿੰਦਾ ਜਦੋਂ ਕਿ ਮੇਰੇ ਨਾਲ ਦੇ ਬਾਕੀ ਸਾਥੀ ਘਰੋਂ ਅਮੀਰ ਸਨ। ਜਿਸ ਕਰਕੇ ਉਹ ਜੇਬ ਖਰਚ ਵੀ ਖੁੱਲਾ ਹੀ ਕਰਦੇ। ਕਦੇ ਕੰਨਟੀਨ ਕਦੇ ਸਿਨੇਮਾ ਘਰ ਅਤੇ ਕਦੇ ਕਾਲਜ ਦੇ ਪਾਰਕ ਵਿਚ ਹੀ ਬੈਠੇ ਰਹਿੰਦੇ ਪੜ੍ਹਾਈ ਵੱਲ ਉਨ੍ਹਾਂ ਨੇ ਕਦੇ ਵੀ ਧਿਆਨ ਨਹੀਂ ਦਿੱਤਾ ਸੀ। ਜਿਸ ਕਰਕੇ ਉਨਾਂ ਨਾਲ ਘੱਟ ਹੀ ਬਣਦੀ ਸੀ।

ਹੁਣ ਕਾਲਜ ਵਿਚ ਪੇਪਰ ਸ਼ੁਰੂ ਹੋ ਗਏ ਸਨ। ਕੱਲ ਮੇਰਾ ਪਹਿਲਾ ਪੇਪਰ ਸੀ। ਮੈਂ ਦੇਰ ਰਾਤ ਤੱਕ ਪੇਪਰ ਦੀ ਤਿਆਰੀ ਕਰਦਾ ਰਿਹਾ। ਮੇਰਾ ਪੇਪਰ ਬਹੁਤ ਹੀ ਵਧੀਆ ਹੋਇਆ ਸੀ। ਭਾਵੇਂ ਕਿ ਮੇਰਾ ਥੋੜਾ ਸਿਰ ਵੀ ਦੁੱਖਦਾ ਸੀ। ਪੇਪਰ ਦੇਣ ਤੋਂ ਬਾਅਦ ਮੈਂ ਕੰਨਟੀਨ ਤੋਂ ਘੁੱਟ ਚਾਹ ਪੀਣ ਲਈ ਚਲਾ ਗਿਆ। 'ਆਜਾ ਬਈ ਸਾਡੇ ਕੋਲ ਤੈਨੂੰ ਪਾਰਟੀ ਕਰਦੇ ਹਾਂ।' ਕੰਨਟੀਨ ਵਿਚ ਬੈਠੇ ਹੋਏ ਮੇਰੇ ਪਿੰਡ ਦੇ ਨੌਜਵਾਨਾਂ ਨੇ ਮੈਨੂੰ ਆਵਾਜ਼ ਮਾਰ ਲਈ। ਇਹਨੇ ਟਾਈਮ ਨੂੰ ਸਮੌਸੇ ਅਤੇ ਕੌਫੀ ਵੀ ਆ ਚੁੱਕੀ ਸੀ। 'ਪਾਰਟੀ ਕਿਸ ਖੁਸ਼ੀ ਵਿਚ ਦੇ ਰਹੇ ਹੋ, ਲੱਗਦਾ ਪੇਪਰ ਬਹੁਤ ਵਧੀਆ ਹੋਇਆ ਹੈ।' ਮੈਂ ਆਪਣੇ ਸਾਥੀਆਂ ਨੂੰ ਆਖਿਆ। 'ਨਹੀਂ ਯਾਰ ਇਹ ਗੱਲ ਨਹੀਂ ਹੈ। ਰਾਤ ਜੂਏ ਵਿਚ ਦੋ ਹਜ਼ਾਰ ਰੁਪਏ ਜਿੱਤੇ ਸਨ।'

ਆਪਣੇ ਸਾਥੀ ਦੇ ਮੂੰਹੋਂ ਜੂਏ ਦੀ ਗੱਲ ਸੁਣ ਕੇ ਮੈਨੂੰ ਲੱਗਾ ਕਿ ਇਸ ਪਾਰਟੀ ਵਿਚ ਹਾਜ਼ਰ ਹੋ ਕੇ ਮੈਂ ਵੀ ਪਾਪ ਦੀ ਕਮਾਈ ਦਾ ਭਾਗੀਦਾਰ ਬਣ ਗਿਆ ਹਾਂ। ਮੈਂ ਬਿਨਾਂ ਕੁਝ ਪੀਤੇ ਉੱਠ ਕੇ ਕੰਨਟੀਨ ਤੋਂ ਬਾਹਰ ਆ ਗਿਆ।

**-ਡਾ. ਰਾਜਵੀਰ ਸਿੰਘ ਸੂਧ ਭਲੂਰ**

## ਨਜ਼ਰੀਆ ਆਪੋ ਆਪਣਾ !(01)



- ਭਵਨਦੀਪ ਸਿੰਘ ਪੁਰਬਾ। ਸੰਪਰਕ : 9988 92 9988

## ਗੁਮਾਨ ਟੁਟਦਿਆ ਦੇਰ ਨਹੀਂ ਲੱਗਦੀ



ਕਈ ਲੋਕਾ ਨੂੰ ਆਪਣੇ ਆਪ ਤੇ ਬਹੁਤ ਗਰੂਰ ਹੋ ਜਾਦਾ ਹੈ। ਚੰਗਾ ਬਿਜਨੈਸ ਚੱਲ ਪਿਆ ਤਾਂ ਗਰੂਰ ਆ ਗਿਆ। ਚੰਗੀ ਜੋਬ ਮਿਲ ਗਈ ਤਾਂ ਗਰੂਰ ਆ ਗਿਆ। ਕੈਨੇਡਾ ਦੀ ਪੀ.ਆਰ. ਮਿਲ ਗਈ ਤਾਂ ਆਪਣੇ ਆਪ ਨੂੰ ਰਾਜੇ ਸਮਝਨ ਲੱਗ ਪੈਣਾ, ਕੈਨੇਡਾ ਦੀ ਸਿਟੀਜਨ ਮਿਲ ਗਈ ਤਾਂ ਆਪਣੇ ਆਪ ਨੂੰ ਮਹਾਰਾਜੇ। ਉਹ ਸਮਝਣ ਲੱਗ ਪੈਂਦੇ ਹਨ ਕਿ ਅਸੀਂ ਕਿਸੇ ਤੋਂ ਕੀ ਲੈਣਾ। ਅਸੀਂ ਬਹੁਤ ਖਾਸ ਬਣ ਗਏ।

ਪਰ ਮਿੱਤਰ ਪਿਆਰਿਓ! ਜੇ ਤੁਸੀਂ ਕਿਸੇ ਤੋਂ ਕੁੱਝ ਨਹੀਂ ਲੈਣਾ ਤਾਂ ਕਿਸੇ ਨੇ ਵੀ ਤੁਹਾਡੇ ਤੋਂ ਕੁੱਝ ਨਹੀਂ ਲੈਣਾ। ਇਹ ਕੈਨੇਡਾ ਦੀ ਪੀ.ਆਰ., ਸਿਟੀਜਨ, ਚੰਗਾ ਬਿਜਨੈਸ, ਚੰਗੀ ਜੋਬ ਇਹ ਤੁਹਾਡੀ ਆਪਣੀ ਹੈ ਅਤੇ ਇਹ ਤੁਹਾਡੇ ਆਪਣੇ ਲਈ ਹੈ। ਕਿਸੇ ਦੂਸਰੇ ਨੂੰ ਇਸ ਦਾ ਕੀ ਫਾਇਦਾ। ਕੱਟੇ ਨੂੰ ਮਣ ਦੁੱਧ ਦਾ ਕੀ ਭਾਅ! ਕਿਸੇ ਨੇ ਕਿਸੇ ਤੋਂ ਕੁੱਝ ਨਹੀਂ ਲੈਣਾ ਹੁੰਦਾ। ਇਹ ਤਾਂ ਬੱਸ! ਪਿਆਰ ਮੁਹੱਬਤ ਹੀ ਹੁੰਦਾ ਹੈ ਜਿਸ ਨੂੰ ਕਿਸੇ ਨਾਲ ਹੋ ਗਿਆ ਉਹ ਆਪਣੇ ਪਿਆਰੇ ਲਈ ਤੜਫੇਗਾ। ਗੁਮਾਨ ਨਾਲ ਭਰਿਆ ਮਨੁੱਖ ਅਕਸ਼ਰ ਫੀਲਿੰਗ ਲੈਸ ਹੋ ਜਾਦਾ ਹੈ।

ਯਾਦ ਰੱਖਿਓ! ਗੁਮਾਨ ਟੁਟਦਿਆ ਦੇਰ ਨਹੀਂ ਲੱਗਦੀ। ਇਹ ਪੈਸਾ, ਦੋਲਤ, ਸ਼ੋਹਰਤ ਤਾਂ ਕਦੇ ਵੀ ਆ ਸਕਦੀ ਹੈ ਪਰ ਲੰਘਿਆ ਵੇਲਾ ਹੱਥ ਨਹੀਂ ਆਉਂਦਾ। ਸੱਚੇ ਦਿਲੋ ਪਿਆਰ ਕਰਨ ਵਾਲਾ ਇਨਸ਼ਾਨ, ਸੱਚੇ ਰਿਸ਼ਤੇ ਸਿਰਫ ਇੱਕ ਵਾਰ ਮਿਲਦੇ ਹਨ ਜੇ ਉਹ ਗੁਆ ਲਏ ਫਿਰ ਤਾਂ ਸਾਰੀ ਉਮਰ ਦਾ ਪਛਤਾਵਾ ਹੀ ਰਹਿ ਜਾਂਦਾ ਹੈ। ਜੋ ਇੱਕ ਵਾਰ ਗੁਆ ਲਿਆ ਉਹ ਫਿਰ ਕਦੇ ਨਹੀਂ ਮਿਲੇਗਾ। ਨਹੀਓਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਯੋਗੀਆ।



# ਭੜੂਏ ਦਾ ਵਰਤ

-ਗੁਰਮੇਲ ਸਿੰਘ ਬੌਡੇ

ਸਵੇਰ ਦੀਆਂ ਭੁੱਖਣ ਭਾਣੀਆਂ ਔਰਤਾਂ ਨੇ ਮਸਾਂ -ਮਸਾਂ ਆਥਣ ਦੇ ਦੋ ਵਜ਼ਾਏ। ਸਭ ਔਰਤਾਂ ਹਾਰ ਸ਼ਿੰਗਾਰ ਕਰਕੇ ਨਵੀਆਂ ਨਵੇਲੀਆਂ ਬਣੀਆਂ ਬੈਠੀਆਂ ਸਨ। ਜਿੰਨੀ ਕਿਸੇ ਵਿੱਚ ਪ੍ਰੋਖੋ ਸੀ ਉਸ ਮੁਤਾਬਕ ਉਹਨਾਂ ਪੰਡਤ ਕੋਲੋਂ ਬਾਤ ਸੁਣਨ ਤੇ ਦੇਣ ਵਾਲੀ ਦੱਛਣਾ ਦੀ ਥਾਲੀ ਵੀ ਤਿਆਰ ਸੀ। ਉਹਨਾਂ ਦੇ ਸੁਹਾਗ ਉਹਨਾਂ ਲਈ ਸੇਬ, ਕੇਲੇ ਜਾਂ ਮੱਠੀਆਂ ਲੈਣ ਗਏ ਹੋਏ ਸਨ। ਬਜ਼ਾਰਾਂ ਵਿੱਚ ਪੂਰੀ ਰੌਣਕ ਤੇ ਗਹਿਮਾਂ ਗਹਿਮੀ ਸੀ। ਵਿਆਹ ਦੀ ਉਮਰ ਵਿੱਚ ਪੌਰ ਧਰ ਚੁੱਕੇ ਕੁਆਰੇ ਨੌਜਵਾਨ ਵਿਆਹੇ ਹੋਏ ਦੋਸਤਾਂ ਮਿੱਤਰਾਂ ਨੂੰਮੋਬਾਇਲ ਫੋਨ ਤੇ ਮਜ਼ਾਕੀਆ ਐੱਸ. ਐੱਮ. ਐੱਸ. ਭੇਜ਼ ਰਹੇ ਸਨ ਕਿ "ਲੰਬੀ ਉਮਰ ਲਈ ਰੱਖੇ ਵਰਤ ਦਾ ਰਿਣ ਚੁੱਕਾ ਰਹੇ ਦੋਸਤੋਂ ਧਿਆਨ ਨਾਲ ਘਰ ਜਾਣਾ ਕਿਉਂਕਿ ਭੁੱਖੀ ਸ਼ੇਰਨੀ ਖਤਰਨਾਕ ਹੁੰਦੀ ਹੈ"। ਮੋਬਇਲ ਫੋਨ ਤੇ ਟੂੰ-ਟੂੰਸੁਣਕੇ ਉਹ ਮਜ਼ਾਕੀਆ ਸੁਨੇਹਾ ਪੜ੍ਹਦੇ ਤੇ ਮੁਸਕਰਾ ਛੱਡਦੇ।

ਪਿੰਡ ਦੀਆਂ ਔਰਤਾਂ ਦੇ ਟੋਲੇ ਹੁਣ ਬਾਤ ਸੁਣਨ ਲਈ ਤਿਆਰ -ਬਰ -ਤਿਆਰ ਖੜ੍ਹੇ ਸਨ। ਅਚਾਨਕ ਪਿੰਡ ਵਿੱਚ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਪੰਡਤ ਸ਼ਿਵ ਰਾਮ ਨੇ ਤਾਂ ਖੁਦ ਵਰਤ ਰੱਖ ਲਿਆ ਹੈ ਤੇ ਉਹ ਔਰਤਾਂ ਨੂੰ ਬਾਤ ਸੁਣਾਉਣ ਤੋਂ ਇਨਕਾਰੀ ਹੈ। ਇਹ ਸੁਣ ਕੇ ਔਰਤਾਂ ਦੇ ਹੱਥ ਫੜੀਆ ਥਾਲੀਆਂ ਕੰਬੀਆਂ ਉਹਨਾਂ ਨੇ ਤਾਂ ਸਵੇਰ ਤੋਂ ਪਾਣੀ ਵੀ ਨਹੀ ਪੀਤਾ ਸੀ। ਪੰਡਤ ਦੇ ਵਰਤ ਦੀ ਖਬਰ ਸੁਣਕੇ ਉਹਨਾਂ ਦੇ ਦੇ ਮੱਥੇ ਤੇ ਤ੍ਰੇਲੀਆਂ ਆ ਗਈਆਂ। ਔਰਤਾਂ ਦੇ ਸੁਹਾਗਾਂ ਨੂੰਇੱਕ ਚੜ੍ਹੇ ਇੱਕ ਉੱਤਰੇ "ਇਹ ਕੀ ਮਖੌਲ ਐ ਬਈ ਚੜ੍ਹਦੇ ਲਹਿੰਦੇ ਕਦੇ ਪੰਡਤ ਵਰਤ ਰੱਖ ਲਵੈ ਉਹ ਵੀ ਅੱਜ ਦੇ ਦਿਨ ਇਹਤਾਂ ਕਦੇ ਸੁਣਿਆ ਨਹੀ। ਹੁਣ ਔਰਤਾਂ ਦੀ ਥਾਂ ਪਿੰਡ ਦੇ ਆਦਮੀਆਂ ਦੇ ਟੋਲੇ ਬਣ ਗਏ ਤੇ ਇੱਕ ਪਤਨੀ ਦੇ ਕੁਮਲਾਏ ਜਾ ਰਹੇ ਚੇਹਰੇ ਦਾ ਧਿਆਨ ਧਰ ਕੇ ਬੋਲਿਆ "ਯਾਰ ਸ਼ਿਵ ਰਾਮ ਨੂੰਕੀ ਔੜੀ -ਭੜੂਆਂ ਕਿਸੇ ਥਾਂ ਦਾ, ਕਿਤੇ ਵੱਧ ਹੱਥ ਝੜਾਉਣ ਲਈ ਬਲੈਕ ਮੇਲ ਤਾਂ ਨਹੀ ਕਰ ਰਿਹਾ "ਯਾਰ ਮੈਨੂੰ ਤਾਂ ਇਸ ਗੱਲ ਦੀ ਹੈਰਾਨੀ ਹੈ ਕਿ ਪੰਡਤ ਤਾਂ ਪਿੰਡ ਦੀਆਂ ਸਾਰੀਆਂ ਔਰਤਾਂ ਨੂੰਇੱਕ ਬਾਤ ਸੁਣਾ ਕੇ ਵਰਤ ਖੁਲਾਅ ਦਿੰਦਾ ਹੈ। ਹੁਣ ਪੰਡਤ ਨੂੰਬਾਤ ਕੌਣ ਸੁਣਾਊਅੱਜ ਦੇ ਦਿਨ ਪੰਡਤ ਤਾ ਵਰਤ ਖੁਲਵਾਉਣ ਲਈ ਕੋਈ ਵੱਖਰੀ ਹੀ ਬਾਤ ਹੋਊਗੀ" ਇੱਕ ਕੁਆਰਾ ਮੁੰਡਾ ਬੋਲਿਆ। ਅਣਵਿਆਹਿਆ ਲਈ ਤਾਂ ਇਹ ਮੁਫ਼ਤ ਦਾ ਸੁਗਲ ਬਣ ਗਿਆ ਸੀ। ਵਿਆਹੇ ਵਰਿਆ ਦੇ ਟੋਲਿਆਂ ਵਿੱਚ ਸ਼ਾਮਿਲ ਹੋ ਕੇ ਉਹ ਵੀ ਪੰਡਤ ਸ਼ਿਵ ਰਾਮ ਦੇ ਘਰ ਵੱਲ ਵਧਣ ਲੱਗੇ।

ਪੰਡਤ ਸ਼ਿਵ ਰਾਮ ਦਾ ਪਿਤਾ ਪੁਰਖੀ ਕਿੱਤਾ ਪੂਜਾ ਪਾਠ ਕਰਨਾ ਸੀ। ਨਵ ਜਨਮੇ ਬੱਚੇ ਦਾ ਨਾਮ ਕਰਨ ਕਰ ਦੇਣਾ ਜਾਂ ਵਿਆਹ ਸਮੇਂ ਫੇਰਿਆਂ ਦੀ ਰਸਮ ਕਰ ਦੇਣੀ ਤੇ ਮਰਗ ਸਮੇਂ ਗਰੁੜ ਪੁਰਾਣ ਦਾ ਪਾਠ ਕਰਕੇ ਜੋ ਤਿਲ ਫੁੱਲ ਮਿਲਦਾ ਉਸ ਨਾਲ ਉਸਦੇ ਪ੍ਰੀਵਾਰ ਦਾ ਤੋਰੀ ਫੁਲਕਾ ਬੱਧਨੀ ਤੋਂ ਹਿੰਮਤਪੁਰਾ ਸੜਕ ਤੇ ਡਿੱਕ ਡੋਲੇ ਪਾਂਦੀ ਬੱਸ ਵਾਂਗ ਵੱਲ ਰਿਹਾ ਸੀ। ਪਰ ਅੱਜ ਤਾਂ ਉਹਦੇ ਲਈ ਸ਼ੋਅਲੇ ਫਿਲਮ ਵਾਂਗ ਹਾਉਸ ਫੁੱਲ ਵਰਗਾ ਦਿਨ ਸੀ । ਅੱਜ ਦੇ ਦਿਨ ਉਸਦੇ ਭੁੱਲ ਹੜਤਾਲ ਤੇ ਚਲੇ ਜਾਣਾ ਅਚੰਭੇ ਵਾਲੀ ਗੱਲ ਸੀ। ਮੈਂ ਤੇਰੇ ਮੂਹਰੇ ਤੂੰ ਮੇਰੇ ਮੂਹਰੇ ਪਿੰਡ ਦੇ ਸਭ ਮਰਦ ਪੰਡਤ ਦੇ ਘਰ ਵੱਲ ਵਧ ਰਹੇ ਸਨ। ਨੰਬਰਦਾਰਾਂ ਦਾ ਕਾਲਜ਼ ਵਿੱਚ ਪੜ੍ਹਦਾ ਜੰਟਾ ਬੋਲਿਆ "ਯਾਰ ਅੰਨਾ ਹਜ਼ਾਰੇ ਵੀ ਸਰਕਾਰ ਕੋਲੋ ਕਈ ਮਹੀਨੇ ਪਹਿਲਾਂ ਮਜ਼ਦੂਰੀ ਲੈ ਕੇ (ਅਨਸ਼ਨ) ਵਰਤ ਤੇ ਬੈਠਦਾ ਹੈ ਪਰ ਆਪਣੇ ਸ਼ਿਵ ਰਾਮ ਨੇ ਤਾਂ ਕੱਛ ਚੋਂ ਮੂੰਗਲਾ ਕੱਢ ਮਾਰਿਆ ਏਹਨੈ ਪਤਾ ਨਹੀ ਕਿਹੜਾ ਬਿੱਲ ਪਾਸ ਕਰਵਾਉਣਾ" ਉਸ ਦੀ ਇਹ ਗੱਲ ਸੁਣਕੇ ਅਣਵਿਆਹਿਆ ਨੇ ਤਾਂ ਹਾਸੜ ਚੁੱਕ ਦਿੱਤੀ ਪਰ ਸੁਹਾਗਾਂ ਦੇ ਮੂੰਹ ਤੋਂ ਮੱਖੀ ਨਹੀ ਸੀ ਉੱਡ ਰਹੀ । ਉਹਨਾਂ ਦੇ ਮੂੰਹ ਖੰਡ ਦਾ ਭਾਅ ਸੋਲਾਂ ਤੋਂ ਸੋਲਾਂ ਤੀ ਅੱਠਤਾਲੀ ਕਰਨ ਵਾਲੇ ਕੇਂਦਰੀ ਮੰਤਰੀ ਦੇ ਮੂੰਹ ਵਾਂਗ ਤਣੇ ਹੋਏ ਸਨ। ਪੰਡਤ ਸ਼ਿਵ ਰਾਮ ਦੇ ਘਰ ਦੇ ਖੁੱਲੇ ਬੂਹੇ ਨੂੰਪਾਰ ਕਰਕੇ ਉਹ ਵਰਾਂਡੇ 'ਚ ਬੈਠੇ ਪੰਡਤ ਸ਼ਿਵ ਰਾਮ ਦੇ ਸਾਹਮਣੇ ਜਾਕੇ ਬੰਬ ਵਾਂਗ ਫਟੇ "ਪੰਡਤਾਂ ਯਾਰ ਅੱਜ ਵਰੇ ਦਿਨਾਂ ਦੇ ਦਿਨ ਕੀ ਮਖੌਲ ਬਣਾਇਐ ਕੁੜੀਆਂ-ਬੁੜੀਆਂ ਸਵੇਰ ਦੀਆਂ ਭੁੱਖਣ ਭਾਣੀਐ -ਤੂੰ ਚਾਰ ਟੋਟਕੇ ਸੁਣਾਕੇ ਉਹਨਾਂ ਦਾ ਖਹਿੜਾ ਛੁਡਾ ਪਿੰਡ ਦੀਆਂ ਪੰਦਰਾਂ -ਵੀਹ ਤਾਂ ਲੁਧਿਆਣੇ ਵਾਲੇ ਬਾਂਡਰ ਡਾਕਟਰ ਤੋਂ ਦਵਾਈ ਲੈਂਦੀਐ ਹੋਰ ਨਾ ਕਿਸੇ ਦੀ ਜਾਹ ਜਾਂਦੀ ਹੋ ਜੇ ਤੇ ਤੇਰੇ ਸਿਰ ਪਾਪ ਚੜਜੇ" ।

ਇਸ ਤੋ ਪਹਿਲਾਂ ਕਿ ਪੰਡਤ ਸ਼ਿਵ ਰਾਮ ਬੋਲਦਾ ਲਾਣੇ ਵਾਲਿਆ ਦਾ ਮੀਤਾ ਬੋਲਿਆ "ਪੰਡਤਾਂ ਅੱਜ ਦੇ ਦਿਨ ਕੁੜੀਆਂ -ਬੁੜੀਆਂ ਦਾ ਵਰਤ ਤਾਂ ਮੰਨਿਆ ਕਿ ਤੁਹਾਡੇ ਵੱਡ -ਵਡੇਰਿਆਂ ਤੋਂ ਚਲਦਾ ਆ ਰਿਹਾ ਹੈ-ਪਰ ਤੂੰ ਅੱਜ ਦੇ ਦਿਨ ਕਾਹਦਾ ਵਰਤ ਰੱਖ ਲਿਆ" ਪਿੰਡ ਵਾਲਿਓ ਕਾਹਨੂੰ ਤੱਤੇ ਹੁੰਨੇ ਐ -ਰਮਾਨ ਨਾਲ ਬੈਠੋ ਤਾਂ ਸਹੀ ਜੋ ਮੈ ਵੀ ਆਪਣੇ ਮਨ ਦੀ ਗੁੰਝਲ ਖੋਲਾਂ । ਪੰਡਤ ਸ਼ਿਵ ਰਾਮ ਨੇ ਨੇੜੇ ਪਈਆਂ ਪਲਾਸਟਿਕ ਦੀਆਂ ਪੰਜ ਸੱਤ ਕੁਰਸੀਆਂ ਤੇ ਮੰਜ਼ਿਆਂ ਵੱਲ ਹੱਥ ਕਰਦਿਆਂ ਕਿਹਾ। ਕਈ ਜਣੇ ਬੈਠ ਗਏ ਤੇ ਬਾਕੀ ਉਹਨਾਂ ਦੇ ਆਲੇ -ਦੁਆਲੇ ਖੜ੍ਹ ਗਏ।

ਮੇਰਾ ਮਾਮਾ ਧਰਮ ਚੰਦ ਪੂਰਾ ਵੈਸ਼ਨੂੰਪੰਡਤ ਹੈ। ਸਾਰੀਆਂ ਕਥਾਵਾਂ ਤੇ ਪਾਠ ਉਸਨੂੰਜ਼ੁਬਾਨੀ ਯਾਦ ਹਨ। ਪਰ ਉਸਦਾ ਜੁਆਨ ਜਹਾਨ ਪੁੱਤ ਮੇਰਾ ਭਰਾ ਹਰੀ ਚੰਦ ਦੀ ਕੈਂਸਰ ਨਾਲ ਮੌਤ ਹੋ ਗਈ। ਉਸਦੀ ਪਤਨੀ ਪੂਰੀ ਸ਼ਰਧਾ ਨਾਲ ਵਰਤ ਰੱਖਦੀ ਸੀ। ਪਰ ਉਸਦੀ ਤਾਂ ਉਮਰ ਨਹੀ ਵਧੀ। ਮੇਰੇ ਮਾਮੇ ਦਾ ਤਾਂ ਕਰਮ ਕਾਂਡਾ ਤੋਂ ਵਿਸ਼ਵਾਸ਼ ਉੱਠ ਗਿਆ ਹੈ। ਉਹ ਤਾਂ ਹਿੱਕ ਥਾਪੜ ਕੇ ਕਹਿੰਦਾ ਹੈ ਕਿ ਕਾਹਨੂੰ ਭਟਕਦੇ ਫਿਰਦੇ ਹੋ ਵਰਤਾਂ ਨਾਲ ਕਦੇ ਉਮਰਾਂ ਵਧੀਆਂ ਨੇ "ਇਸ ਤੋਂ ਬਾਅਦ ਉਸਦੇ ਪੋਤੇ ਨੇ ਉਸਨੂੰਤਰਕਸ਼ੀਲਾਂ ਦੀਆ ਕਿਤਾਬਾਂ ਪੜਾਤੀਆਂ -ਉਸਦੇ ਕਪਾਟ ਖੁੱਲ ਗਏ ਤੇ ਉਸ ਨੇ ਸਭ ਕੁਝ ਛੱਡਤਾਂ" ਸਿੱਧਾ ਕਹਿ ਨਾਸਤਕਾਂ ਨਾਲ ਰਲ ਗਿਆ। ਪੰਡਤਾਂ ਇਹ ਤਾਂ ਜੋ ਵਿਧ ਮਾਤਾ ਨੇ ਅੱਖਰ ਪਾਤੇ ਓਹੀ ਉਘੜਨੇ ਐ ਜੇ ਤੂੰ ਇੰਜ਼ ਕਰਨਾ ਸੀ ਤਾਂ ਪੰਜ -ਸੱਤ ਦਿਨ ਪਹਿਲਾਂ ਦੱਸ ਦਿੰਦਾ। ਸਾਨੂੰਤੇਰੇ ਤੇ ਮਾਣ ਸੀ ਅਸੀ ਤਾਂ ਤਿੰਨ ਮਹੀਨੇ ਪਹਿਲਾਂ ਵੀ ਮੋਹਤਬਰ ਬੰਦੇ ਤੇਰੇ ਕੋਲ ਆਏ ਸੀ ਕਿ ਇਸ ਵਾਰ ਮੀਂਹ ਨਹੀ ਪਿਆ ਤੂੰ ਕੋਈ ਹਵਨ-ਹੁਵਨ ਜਾਂ ਜੱਗ ਕਰਾਦੇ -ਖਬਰੈ ਰੱਬ ਦੇ ਮਨ ਮਿਹਰ ਪੈਜੇ ਪਰ ਤੂੰ ਉਦੋ ਵੀ ਕੋਈ ਲੜ ਨਹੀ ਫੜਾਇਆ।"

ਗਿਆਨੀ ਹਰਦੇਵ ਨੇ ਸਿਰੀ -ਸਾਹਿਬ ਠੀਕ ਕਰਦਿਆ ਕਿਹਾ।"ਹਰਦੇਵ ਸਿੰਹਾ ਭਾਈ ਤੂੰ ਤਾਂ ਅਮ੍ਰਿਤਧਾਰੀ ਐ ਗੁਰੂਸਾਹਿਬ ਨੇ ਤਾਂ ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਸਾਫ਼ ਲਿਖਿਆ ਹੈ "ਛੋਡਿਐ ਅੰਨ ਕਰੇ ਪਾਖੰਡ, ਨਾ ਸਹਾਗਣ ਨਾ ਉਹ ਰੰਡ" ਤੇ ਤੂੰ ਵਰਤਾਂ ਦੀ ਪੁਸ਼ਟੀ ਕਰਨ ਆ ਗਿਆ ਏਂ। ਭਲਾ ਦੱਸ ਕੀ ਜੱਗ ਕਰਨ ਨਾਲ ਮੀਂਹ ਪੈ ਜਾਂਦਾ ਹੈ। ਪਿੰਡ ਵਿੱਚ ਗੁੱਡੀ ਫੂਕਣ ਵਾਲਿਆ ਵਿੱਚ ਵੀ ਤੁਸੀਂ ਮੂਹਰੇ ਸੀ। ਕੀ ਮੀਂਹ ਪਿਆ ? ਕੀ ਗੜੇ ਬੰਨੇ ਜਾ ਸਕਦੇ ਐ? ਕੁਦਰਤ ਨੂੰਬੰਦਾ ਕਿਵੇਂ ਭਰਮਾਂ ਸਕਦਾ ਹੈ। ਕੀ ਇਹ ਭਾਣੇ ਵਿੱਚ ਰਹਿਣ ਵਾਲੀ ਭਾਵਨਾ ਐ। ਸ਼ਿਵ ਰਾਮ ਦੇ ਮੂੰਹੋਂ ਇਹ ਗੱਲ ਸੁਣਕੇ ਹੌਲਾ ਪਿਆ ਹਰਦੇਵ ਸਿੰਘ ਚੁੱਪ ਕਰਕੇ ਬੈਠ ਗਿਆ।

ਯਾਰ ਗੱਲ ਤਾਂ ਸ਼ਿਵ ਰਾਮ ਦੀ ਸੋਲਾਂ ਆਨੇ ਐ। ਬਾਕੀ ਪੱਤਰੀਆ ਦਾ ਕੰਮ ਇਹ ਨਹੀ ਕਰਦਾ, ਟੇਵੇ ਇਹ ਨਹੀਂ ਲਗਾਉਦਾ, ਪੁੱਛਾ ਦੇ ਕੇ ਲੋਕਾਂ ਦੀ ਛਿੱਲ ਇਹ ਨਹੀ ਪੁੱਟਦਾ। ਹੁਣ ਤਾਇਆ ਤੂੰ ਦੱਸ ਲੋਕਾਂ ਦਾ ਕੋਈ ਦੀਨ-ਈਮਾਨ ਹੈ, ਲੋਕ ਤਾਂ ਖੁਦ ਅਵਾਜਾ ਮਾਰਦੇ ਐ ਕਿ ਆਓ ਸਾਨੂੰ ਲੁੱਟੋ ਜੋ ਸ਼ਿਵ ਰਾਮ ਟੇਵੇ ਲਗਾਉਣ ਲੱਗ ਪਵੇ-ਹਥੌਲੇ ਪਾਉਣ ਲੱਗ ਪੇ ਜਾਂ ਮੀਂਹ ਪੁਆਉਣ ਜਾਂ ਹਟਾਉਣ ਲਈ, ਗੜੇ ਬੰਨਣ ਦੇ ਭਰਮ ਭੁਲੇਖੇ ਪਾਉਣ ਲੱਗ ਪਵੇ ਤਾਂ ਸ਼ਿਵ ਰਾਮ ਚੰਗਾ ਹੈ ਜੇ ਨਹੀ ਕਰਦਾ ਤਾਂ ਆਪਾਂ ਇਹਦੇ ਦੁਆਲੇ ਹੋਏ ਖੜ੍ਹੇ ਹਾਂ। ਜੰਟੇ ਨੇ ਨਾਜ਼ਰ ਪੰਚ ਨੂੰਕਿਹਾ।

ਮੰਡੇ ਬਾਹਮਣਾ ਦੇ ਦਾਰੂਪੀਣੀ ਗਿੱਝਗੇ ਜੀ, ਘਰ ਪੰਡਤਾਂ ਦੇ ਮੁਰਗੇ ਰਿੱਝਗੇ ਜੀ" ਦੇ ਗਾਣੇ ਤਾਂ ਸੁਣੇ ਸੀ ਪਰ ਅੱਜ ਤਾਂ ਸ਼ਿਵ ਰਾਮ ਨੇ ਵੀ ਜੱਗੋ ਤੇਰਵੀ ਕਰਤੀ। ਘੋੜਾ ਘਾਹ ਨਾਲ ਦੋਸਤੀ ਕਰਲੇ ਤਾਂ ਖਾਊਕੀ? ਜੇ ਪੰਡਤ ਹੀ ਪਿਤਾ ਪੁਰਖੀ ਰਹੁ-ਰੀਤਾਂ ਤੋਂ ਇਨਕਾਰੀ ਹੋ ਜਾਣ ਤਾਂ ਦੁਨੀਆਂ ਤੇ ਆਪੋ-ਧਾਪੀ ਨੀ ਪੈਜੂ ਸਾਡੀ ਕੁੜੀ ਦੀ ਨਣਦ ਮੁਕਤਸਰ ਵੱਲ ਵਿਆਹੀ ਹੋਈਂ ਐ ਉੱਥੇ ਦਸਦੇ ਐ ਕਿ ਪਿੰਡ ਦੇ ਲੋਕਾਂ ਨੇ ਇੰਦਰ ਦੇਵਤੇ ਨੂੰਖੁਸ਼ ਕਰਨ ਲਈ ਸ਼ਰਾਬ ਦੀ ਛਬੀਲ ਲਗਾਈ ਪਿਆਕੜਾ ਨੂੰਮੌਜ਼ਾਂ ਲੱਗ ਗਈਆਂ। ਉਹਨਾਂ ਇਹ ਅਨੋਖਾਂ ਜੱਗ ਕੀਤਾ। ਕੋਈ ਪੁੱਛਣ ਵਾਲਾ ਹੋਵੇ ਕਿ ਜੇ ਸ਼ਰਾਬੀ ਹੋਏ ਇੰਦਰ ਦਾ ਮੀਂਹ ਵਾਲੀਆਂ ਟੂਟੀਆਂ ਛੱਡਦੇ ਦਾ ਹੱਥ ਗੜ੍ਹਿਆਂ ਵਾਲੀ ਪੀਪੀ ਵਿੱਚ ਵੱਜ ਜਾਂਦਾ ਤਾਂ ਲੈਣੇ ਦੇ ਦੇਣੇ ਪੈ ਜਾਣੇ ਸੀ। ਮੈਂ ਤਾਂ ਕਹਿਨੈ ਕਿ ਜਦੋ ਦੀ ਸਾਇੰਸ ਬਾਹਲੀ ਵੱਧਗੀ ਉਦੋ ਦੇ ਆਹ ਵਹਿਮ ਭਰਮ ਤੇ ਢਕਵੰਜ਼ ਵੀ ਵੱਧ ਵਧਗੇ। ਹੁਣ ਟੈਲੀਵਿਜ਼ਨ ਵੀ ਪੁੱਛਾਂ ਦਿੰਦੈ ਕੁੰਡਲੀਆਂ ਦੇਖਦੈ-ਬਾਬੇ ਦੀਵਾਨ ਲਗਾਉਦੇ ਐ। ਕੋਈ ਨਹੀ ਸੋਚਦਾ ਕਿ ਗੁਰੂਸਾਹਿਬ ਨੇ ਪ੍ਰਸ਼ਾਦ ਕਿਸ ਪਦਾਰਥ ਨੂੰਕਿਹਾ ਹੈ। ਪਰ ਹੁਣ ਕਈ ਥਾਂਵਾ ਤੋ ਮੀਟ ਵੀ ਪ੍ਰਸ਼ਾਦ ਕਹਿਕੇ ਵਰਤਾਇਆ ਜਾਂਦੈ-ਸ਼ਰਾਬ ਵੀ ਪ੍ਰਸ਼ਾਦ ਕਹਿਕੇ ਵਰਤਾਈ ਜਾਂਦੀ ਐ ਕਿਸੇ ਦਾ ਕੋਈ ਧਿਆਨ ਈ ਨਹੀ। ਸੁਰੈਣਾ ਅਮਲੀ ਬੋਲਿਆ। "ਅਮਲੀਆ ਤੂੰ ਐਵੇ ਉੱਘ ਦੀਆਂ ਪਤਾਲ ਮਾਰੀ ਜਾਨੈ ਪਿੰਡ ਦੀਆਂ ਸੌ ਚੋਂ ਨੱਬੇ ਕੁੜੀਆਂ-ਬੁੜੀਆਂ ਸਵੇਰ ਦੀਆਂ ਭੁੱਖਣ ਭਾਣੀਆਂ ਖੜ੍ਹੀਐਂ ਤੇ ਆਪ ਏਥੇ ਹੋਰ ਹੀ ਪਿੱਪੜੇ ਪੜ੍ਹਨ ਲੱਗ ਪੇ। ਪੰਡਤ ਨੂੰਪੁੱਛੋਂ ਕਿ ਇਹ ਉਹਨਾ ਨੂੰਬਾਤ ਸਣਾਏਗਾ ਕਿ ਨਹੀ। ਵੀਹ ਕੁ ਦਿਨ ਪਹਿਲਾਂ ਵਿਆਹਿਆ ਹੋਇਆ ਮੰਦਰ ਬੋਲਿਆ।

ਹਾਂ ਬਈ ਸ਼ਿਵ ਰਾਮ ਤੂੰ ਕੁੜੀਆ-ਬੁੜੀਆਂ ਨੂੰਬਾਤ ਸੁਣਾਉਣੀ ਐ ਜਾਂ ਨਹੀ ? ਪਿੰਡ ਵਾਲਿਓ ਮੈ ਤੁਹਾਨੂੰਪਹਿਲਾਂ ਹੀ ਦੱਸਤਾਂ ਕਿ ਮੇਰਾ ਤਾਂ ਆਵਦਾ ਵਰਤ ਰੱਖਿਐ ਰੱਖਿਐ। ਮੈਂ ਬਾਤ ਨਹੀਂ ਸੁਣਾ ਸਕਦਾ। ਕਮਾਲ ਦੀ ਗੱਲ ਐਂ ਯਾਰ, ਹੁਣ ਅਸੀਂ ਮੰਨ ਲੈਦੇ ਹਾਂ ਕਿ ਵਰਤਾਂ ਨਾਲ ਉਮਰਾਂ ਨਹੀ ਵੱਧਦੀਆਂ ਪਰ ਪਿੰਡ ਦੀਆਂ ਜੋਹੜੀਆਂ ਢਾਈ ਤਿੰਨ ਸੌਂ ਬੁੜੀਆਂ ਕੁੜੀਆਂ ਵਰਤ ਰੱਖੀ ਖੜੀਆਂ ਨੇ ਉਹਨਾਂ ਦਾ ਕੀ ਕਰੀਏ? ਸ਼ਿਵ ਰਾਮ ਤੂੰ ਸਾਡੇ ਬਾਰੇ ਸੋਚ ਆਥਣ ਨੂੰਰੋਟੀ ਵੀ ਉਹਨਾਂ ਤੋਂ ਲੈ ਕੇ ਖਾਣੀਆਂ ਨੇ। ਖੇਤਾਂ ਵਾਲੇ ਬਿੱਕਰ ਦਾ ਮੁੰਡਾ ਕੁਝ ਨਰਮੀ ਨਾਲ ਬੋਲਿਆਂ।

ਉਏ ਮੁੰਡਿਓ ਅਸੀ ਤਾਂ ਭਲਾ ਅਮਲੀ ਹਾਂ ਤੁਸੀ ਤਾਂ ਖਰੇ ਹੋ,ਮੈਨੂੰਇੱਕ ਗੱਲ ਸਮਝਾਓ ਕਿ ਆਪਣੇ ਮੁਲਕ ਦਾ ਇੱਕ ਪ੍ਰਧਾਨ ਮੰਤਰੀ ਤੇ ਇੱਕ ਰਾਸ਼ਟਰਪਤੀ ਛੜਾ ਰਿਹਾ ਹੈ। ਉਹਨਾਂ ਖਾਤਰ ਤਾਂ ਕਿਸੇ ਨੇ ਵਰਤ ਨਹੀਂ ਰੱਖਿਆ ਦੋਵੇ ਜਾਂਣੇ ਅੱਸੀਆਂ ਨੂੰਟੱਪੇ ਹੋਏ ਐ ਤੇ ਦੋਵੇ ਟਕੇ ਵਰਗੇ ਐ ਤੁਸੀ ਕਿਹੜੇ ਭਰਮਾਂ ਚ ਪਏ ਹੋ । ਉਹਨਾ ਨੂੰਕੇਹੜੀ ਘੁੰਡ ਵਾਲੀ ਓਡੀਕਦੀ ਸੀ। ਉਹ ਵੀ ਤਾਂ ਘਰੇ ਜਾਂਦੇ ਸੀ ਤੇ ਰੋਟੀਆਂ ਖਾਂਦੇ ਸੀ ਤੁਸੀ ਐਵੇ ਘੁੰਡ ਵਾਲੀਆ ਤੋਂ ਡਰਦੇ ਚੂਲੀ-ਚੂਲੀ ਮੂਤੀ ਜਾਂਦੇ ਹੋ। ਵੱਡੇ ਖੱਬੀ ਖਾਂ। ਅਮਲੀ ਦੀ ਗੱਲ ਸੁਣਕੇ ਇੱਕ ਵਾਰ ਫ਼ਿਰ ਹਾਸੜ ਮੱਚ ਗਈ ਤੇ ਵਿਆਹੇ ਵਰਿਆਨੇ ਇੱਕ ਵਾਰ ਫੇਰ ਅਮਲੀ ਨੂੰਗੁੱਸੇ ਨਾਲ ਦੇਖਿਆ ਤੇ ਕਿਹਾ ਅਮਲੀਆਂ ਤੈਥੋਂ ਚੁੱਪ ਕਰਕੇ ਨਹੀ ਖੜੀਦਾ ਵੱਡਾ ਸਿਆਣਾ ਬਣਦੈ ਤੈਨੂੰਐਨਾਂ ਵੀ ਨਹੀ ਪਤਾ ਕਿ ਦੂਜਿਆ ਦੇ ਮਾਮਲੇ ਵਿੱਚ ਟੰਗ ਨਹੀ ਅੜਾਈ ਦੀ । ਬਿੱਕਰ ਦਾ ਮੁੰਡਾ ਬੋਲਿਆ।

ਅਮਲੀ ਨੇ ਕੁਝ ਗਲਤ ਤਾਂ ਕਿਹਾ ਨਹੀ ਇੰਜ਼ ਤਾ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰ ਪਤੀ ਔਰਤਾਂ ਵੀ ਰਹੀਆਂ ਹਨ। ਆਪਣੇ ਗੁਆਂਢੀ ਮੁਲਕ ਪਾਕਿਸਤਾਨ ਤੇ ਬੰਗਲਾ ਦੇਸ਼ ਵਿੱਚ ਵੀ ਜਿੱਥੇ ਕੱਟੜ ਮਲਾਣੇ ਹਨ ਤੇ ਔਰਤਾਂ ਨੂੰਬਜਕੇ ਵਿੱਚ ਰਹਿਣ ਦੀ ਹਦਾਇਤਾਂ ਕਰਦੇ ਹਨ। ਪਰ ਉਹਨਾ ਨੇ ਕਦੇ ਬੁਰਕਾਂ ਨਹੀ ਸੀ ਪਹਿਨਿਆ। ਨੰਬਰਦਾਰਾ ਦੇ ਜੰਟੇ ਨੇ ਕਿਹਾ। ਜੰਟੇ ਕੋਲੋ ਮਿਲੀ ਹਮਾਇਤ ਕਾਰਨ ਅਮਲੀ ਸ਼ਹਿ ਪਾਕੇ ਫ਼ੇਰ ਬੋਲਿਆ।

"ਪਾੜਿਆ ਮੈਨੂੰਸਾਰਿਆ ਚੋਂ ਤੂੰ ਸਮਝਦਾਰ ਲਗਦੈਂ ਤੂੰ ਮੈਨੂੰਇੱਕ ਗੱਲ ਸਮਝਾ ਕਿ ਜੇ ਬੰਦਾ ਰਾਸ਼ਟਰ ਪਤੀ ਬਣੇ ਤਾਂ ਉਹ ਰਾਸ਼ਟਰ ਪਤੀ ਹੁੰਦਾ ਤੇ ਔਰਤ ਰਾਸ਼ਟਰ ਪਤੀ ਕਿਵੇਂ ਹੋਗੀ ? ਕੀ ਉਹ ਵੀ ਵਰਤ ਰੱਖਦੀ ਹੋਊ? ਖਬਰੈ ਉਹਦੇ ਰੱਖੇ ਵਰਤਾਂ ਨੇ ਸਾਡੇ ਵਰਗੇ ਅਮਲੀਆਂ ਦੀ ਉਮਰ ਵਧਾ ਦਿੱਤੀ ਹੋਵੇ ਜਿਹੜੇ ਸਾਡੇ ਵਰਗੇ ਅਜੇ ਵੀ ਹੱਡ ਗੋਡੇ ਰਗੜਦੇ ਫਿਰਦੇ ਹਾਂ।

ਅਮਲੀਆਂ ਇਸ ਗੱਲ ਦਾ ਤਾਂ ਮੈਨੂੰਵੀ ਨਹੀ ਪਤਾ, ਇਹ ਵੱਡੇ ਅਹੁਦਿਆ ਦਾ ਨਾਮ ਇੱਕ ਹੀ ਹੁੰਦਾ ਹੈ। ਚਾਹੇ ਬੰਦਾ ਪ੍ਰਧਾਨ ਮੰਤਰੀ ਜਾਂ ਔਰਤ ਉਹ ਪ੍ਰਧਾਨ ਮੰਤਰੀ ਹੀ ਹੁੰਦਾ ਹੈ ਔਰਤ ਪ੍ਰਧਾਨ ਮੰਤਰਨੀ ਨਹੀਂ ਹੁੰਦੀ। ਇਸੇ ਤਰਾਂ ਰਾਸ਼ਟਰ ਪਤੀ ਰਾਸਟਰਪਤੀ ਹੀ ਹੁੰਦੈ ਰਾਸਟਰਪਤਨੀ ਨਹੀ। ਜੰਟੇ ਨੇ ਕਿਹਾ।

"ਯਾਰ ਤੁਸੀ ਫੇਰ ਪਾਣੀ ਵਿੱਚ ਮਧਾਣੀ ਪਾ ਕੇ ਬਹਿ ਗਏ ਹੋ। ਪੰਡਤ ਸ਼ਿਵ ਰਾਮ ਤਾਂ ਹੁਣ ਜਵਾਬ ਦੇ ਗਿਆ ਹੈ। ਆਪਾਂ ਕੁਝ ਸੋਚੀਏ ? ਬਿੱਕਰ ਦਾ ਮੁੰਡਾ ਨਰਮੀ ਨਾਲ ਬੋਲਿਆਂ"

ਬਈ ਹੁਣ ਤਾਂ ਸਾਰੇ ਪਿੰਡਾਂ ਵਿੱਚ ਬਾਤ ਸੁਣਾਉਣ ਵਾਲੇ ਪੰਡਤ ਪੰਡਤਾਣੀਆਂ ਬੁੱਕ ਹੋਣਗੇ। ਸ਼ਿਵ ਰਾਮ ਨੇ ਚੰਗੇ ਫਾਹੇ ਟੰਗੇ ਐ। ਹੁਣ ਕੀ ਕਰੀਏ ? ਇਹ ਤਾਂ ਅੜਬ ਟੱਟੂਵਾਂਗ ਪੈਰ ਗੱਡ ਕੇ ਖੜ ਗਿਆ ਐ। ਪਰ ਇਹਨੈ ਚੰਗੀ ਨਹੀ ਕੀਤੀ। ਇਹ ਨੂੰਭੜੂਏ ਜਹਾਨ ਦੇ ਨੂੰ ਪੁੱਛੋ ਕਿ ਇਹਨੇ ਕਾਹਦਾ ਵਰਤ ਰੱਖਿਐ ? ਬਰਾੜਾਂ ਦੇ ਬੰਤੇ ਨੇ ਤਲਖੀ ਨਾਲ ਕਿਹਾ।

ਪੁੱਤ ਬੰਤਿਆਂ ਕਾਹਨੂੰ ਤਲਖ ਹੁੰਨੈ ਸਾਡੇ ਵੱਡੇ ਵਡੇਰੇ ਤੁਹਾਡੀ ਖੈਰ ਸੁੱਖ ਮੰਗਦੇ ਰਹੇ ਐ ਪੁਰਾਣੀਆ ਰੀਤਾਂ ਨਿਭਾਉਦੇ ਆਏ ਹੈ। ਹੁਣ ਮੈਂ ਤੁਹਾਨੂੰ ਦੱਸਾਂ ਕਿ ਮੇ ਵਰਤ ਕਿਉ ਰੱਖਿਐ? ਭਾਈ ਮੇਰੇ ਪੇਟ ਵਿੱਚ ਨੁਕਸ ਹੈ। ਲੁਧਿਆਣੇ ਤੋਂ ਡਾਕਟਰ ਸੂਦ ਨੇ ਸਕੈਨ ਵਿੱਚ ਜਾਨ ਲੇਵਾ ਫੋੜੇ ਦੀ ਸ਼ਕਾਇਤ ਦੱਸੀ ਹੈ। ਉਸਦੇ ਲਗਾਏ ਟੀਕੇ ਨੇ ਸਵੇਰ ਤੋਂ ਲੂਜ਼ ਮੋਸ਼ਨ ਲਗਾਏ ਨੇ ਦਸ ਵਾਰ ਜਾ ਚੁੱਕਾ ਹਾਂ। ਖਾਣਾ ਪੀਣਾ ਕੁਝ ਨਹੀ। ਮੈਂ ਵਰਤ ਚਾਅ ਨੂੰ ਨਹੀ ਰੱਖਿਆ। ਮੈ ਤੁਹਾਡੀਆ ਬਹੂਬੇਟੀਆਂ ਨੂੰਤੁਹਾਡੀਆਂ ਲੰਬੀਆਂ ਉਮਰਾਂ ਦੀਆਂ ਕਾਮਨਾਵਾਂ ਦੇ ਕੇ ਤੋਰਿਆ ਹੈ। ਕੀ ਤੁਸੀ ਮੇਰੀ ਸਲਾਮਤੀ ਲਈ ਵਰਤ ਰੱਖੋਗੇ ? ਕਿਉਂਕਿ ਮੇਰੇ ਲਈ ਵਰਤ ਰੱਖਣ ਵਾਲੀ ਤਾਂ ਪੰਜ-ਛੇ ਸਾਲ ਪਹਿਲਾਂ ਦੁਨੀਆਂ ਛੱਡ ਚੁੱਕੀ ਹੈ।

ਸ਼ਿਵ ਰਾਮ ਦੇ ਮੂੰਹੋਂ ਇਹ ਸੁਣਕੇ ਸਾਰੇ ਇੱਕ ਦੂਜ਼ੇ ਦੇ ਮੂੰਹ ਵੱਲ ਵੇਖਣ ਲੱਗੇ। ਸ਼ਿਵ ਰਾਮ ਦੇ ਇਹਨਾਂ ਬੋਲਾਂ ਨੇ ਪਿੰਡ ਵਾਲਿਆ ਦੇ ਮਨਾ ਵਿੱਚ ਉੱਬਲ ਰਹੇ ਗੁੱਸੇ ਉੱਪਰ ਜਿਵੇਂ ਪਾਣੀ ਦੀਆਂ ਛਿੱਟਾ ਮਾਰ ਦਿੱਤੀਆਂ ਹੋਣ।

ਪੰਡਤ ਸ਼ਿਵ ਰਾਮ ਜੀ ਹੁਣ ਤਾਂ ਤੁਹਾਡੇ ਰੱਖਣ ਦੇ ਹਾਂ ਤੁਸੀ ਹੀ ਕੋਈ ਬੰਨ੍ਹ ਸੁੱਬ ਕਰਕੇ ਸਾਡੀ ਖੁੱਭੀ ਕੱਢੋ।" ਹੁਣ ਸੁਹਾਗਾਂ ਦੀ ਬੋਲੀ ਵਿੱਚੋ ਤਲਖੀ ਖੰਭ ਲਾ ਕੇ ਉੱਡ ਚੁੱਕੀ ਸੀ ਤੇ ਉਸਦੀ ਥਾਂ ਇੱਕ ਤਰਲੇ ਨੇ ਲੈ ਲਈ ਸੀ।

"ਪੁੱਤ ਓਮ ਉਰਾਂ ਆਈ" ਸ਼ਿਵ ਰਾਮ ਨੇ ਕਮਜ਼ੋਰ ਜੇਹੀ ਅਵਾਜ਼ ਵਿੱਚ ਪੰਦਰਾਂ ਕੁ ਸਾਲ ਦੇ ਬੱਚੇ ਨੂੰਸੱਦਿਆ ਤੇ ਉਸਦੇ ਕੰਨ ਵਿੱਚ ਕੁਝ ਕਿਹਾ। ਬੱਚਾ ਭੱਜ ਕੇ ਅੰਦਰ ਗਿਆ ਤੇ ਇੱਕ ਨਿੱਕਾ ਜਿਹਾ ਪੈਕਟ ਉਸਨੂੰਫੜਾਇਆ।

ਲਓ ਵੀ ਪਿੰਡ ਵਾਲਿਓ ਤੁਹਾਡੇ ਮਸਲੇ ਦਾ ਹੱਲ ਢੁਸ ਪੈਕਟ ਨੂੰਪਿੰਡ ਵਾਲਿਆ ਖੱਲ ਵਧਾਉਦਿਆਂ ਕਿਹਾ।

ਇਹ ਕੀ ਸ਼ਿਵ ਰਾਮਾਂ? ਕੁਝ ਨੇ ਹੈਰਾਨੀ ਨਾਲ ਪੁੱਛਿਆ, ਪਿੱਛਲੇ ਸਾਲ ਜਦ ਮੈਂ ਪਿੰਡ ਦੀਆਂ ਬਹੂਬੇਟੀਆ ਨੂੰਕਹਾਣੀ ਸੁਣਾ ਰਿਹਾ ਸੀ ਤਾਂ ਲਾਣੇ ਵਾਲਿਆ ਦੀ ਜਰਮਨੀ ਵਿੱਚ ਆਈ ਮੇਮ ਨੈ ਸੀ. ਡੀ. ਬਣਾ ਲਈ ਸੀ। ਤੁਸੀ ਭਾਈ ਇਹਨੂੰਚਲਾਉਣ ਵਾਲਾ ਨਿੱਕ ਸੁੱਕ ਲਿਆਕੇ ਜ਼ੇ ਇਹ ਏਥੇ ਸੁਣਨੀ ਐ ਤਾਂ ਏਥੇ ਸੁਣ ਲੋ। ਜੇ ਕਿਸੇ ਦੇ ਘਰੇ ਲਿਜਾਕੇ ਸੁਣਨੀ ਐ ਤਾਂ ਉੱਥੇ ਸੁਣਾਕੇ ਅੱਜ ਦਾ ਡੰਗ ਟਪਾ ਲੋ। ਇਹ ਸੁਣ ਵਰਤ ਵਾਲੀਆ ਔਰਤਾਂ ਦੇ ਸੁਹਾਗਾਂ ਦੇ ਮੂੰਹ ਤੇ ਖੇੜਾ ਆ ਗਿਆ ਤੇ ਉਹ ਪੰਡਤ ਦੇ ਘਰੇ ਹੀ ਸੀ. ਡੀ. ਚਲਾਉਣ ਦਾ ਬੰਦੋਬਸਤ ਕਰਨ ਲੱਗੇ ।

ਪਿਛਲੀ ਆਮ ਆਦਮੀ ਪਾਰਟੀ ਦੀ ਸਰਕਾਰ ਬਨਣ ਸਮੇਂ ਚੁਣੇ ਗਏ (ਐਮ.ਐਲ.ਏ.) ਵਿਧਾਇਕਾਂ ਤੋਂ ਜੋ ਲੋਕਾਂ ਨੂੰ ਆਸਾਂ ਸਨ ਉਹ ਵੀ ਪੂਰੀਆਂ ਨਹੀਂ ਹੋਇਆ। ਆਮ ਘਰਾਂ ਦੇ ਵਿਧਾਇਕ ਵੀ ਖਾਸ ਬਣ ਗਏ। ਇਹ ਗੱਲਾਂ ਵਿਧਾਇਕਾਂ ਦੇ ਨਾਲ ਫਿਰਦੀ ਜੁਡਲੀ ਉਨ੍ਹਾਂ ਨੂੰ ਨਹੀਂ ਸਮਝਾ ਸਕਦੀ, ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਜੇਕਰ ਅਸੀਂ ਆਪਣੇ ਵਿਧਾਇਕ ਨੂੰ ਕੁੱਝ ਗਲਤ ਕਰਨ ਤੋਂ ਰੋਕ-ਟੋਕ ਦਿੱਤਾ ਤਾਂ ਸਾਡਾ ਅਹੁਦਾ ਖੁਸ ਜਾਵੇਗਾ। ਨਾ ਚਾਹੁੰਦੇ ਹੋਏ ਵੀ ਬਹੁੱਤ ਸਾਰੇ ਪਾਰਟੀ ਵਰਕਰ ਅਹੁੱਦੇਦਾਰ ਤੇ ਵਲੰਟੀਅਰ ਆਪਣੇ ਵਿਧਾਇਕ ਦੀ ਹਾਂ ਵਿੱਚ ਹਾਂ ਮਿਲਾਉਂਦੇ ਹਨ ਅਤੇ ਉਨ੍ਹਾਂ ਦੀ ਝੂਠੀ ਖੁਸ਼ਾਮਦ ਕਰਦੇ ਹਨ। ਬਹੁੱਤੀਆਂ ਗੱਲਾਂ ਤੋਂ ਵਿਧਾਇਕ ਵੀ ਅਣਜਾਨ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਨੇੜੇ ਤਾਂ ਉਹੀ ਖਸਾਮਦ ਕਰਨ ਵਾਲੇ ਚਾਪਲੂਸ ਲੋਕ ਹੀ ਹੁੰਦੇ ਹਨ ਜਿਹੜੇ ਵਿਧਾਇਕਾਂ ਨੂੰ ਸੱਚੀ ਰਿਪੋਰਟ ਨਹੀਂ ਦਿੰਦੇ। ਇਨ੍ਹਾਂ ਗੱਲਾ ਦਾ ਹਰਜਾਨਾ ਤਾਂ ਵਿਧਾਇਕਾਂ ਨੂੰ ਫਿਰ ਵੋਟਾਂ ਵਿੱਚ ਆਕੇ ਹੀ ਭੁਗਤਨਾ ਪੈਦਾ ਹੈ। ਵੋਟਾਂ ਵੇਲੇ ਲੋਕ ਆਪਣਾ ਬਦਲਾ ਲੈਦੇ ਹਨ, ਲੈਣਾ ਚਾਹੀਦਾ ਵੀ ਹੈ। ਵੋਟਰਾਂ ਦਾ ਹੱਕ ਹੈ ਕਿ ਜਿਹੜਾ ਵਿਧਾਇਕ ਉਨ੍ਹਾਂ ਦੀ ਦੁੱਖ ਤਕਲੀਫ ਨਹੀਂ ਸੁਣਦਾ, ਉਹਨਾਂ ਨੂੰ ਬਣਦਾ ਮਾਣ ਸਨਮਾਨ ਨਹੀਂ ਦਿੰਦਾ, ਉਸ ਨੂੰ ਬਦਲ ਦਿੱਤਾ ਜਾਵੇ। ਐਮ.ਐਲ.ਏ., ਐਮ.ਪੀ. ਵਿਧਾਇਕਾਂ ਨੂੰ ਵੀ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਾਵਰਾਂ ਸਦਾ ਨਹੀਂ ਰਹਿੰਦੀਆਂ। ਜਿੰਨ੍ਹੀ ਮਰਜੀ ਧੰਨ ਦੌਲਤ ਇਕੱਠੀ ਕਰ ਲਵੇ, ਜਦੋਂ ਸਮੇਂ ਨੇ ਆਪਣਾ ਰੰਗ ਦਿਖਾਇਆ ਤਾਂ ਮਿੰਟਾਂ, ਸਕਿੰਟਾਂ ਵਿੱਚ ਸਭ ਖਤਮ ਹੋ ਜਾਣਾ ਹੈ। ਰਾਜਿਆਂ ਤੋਂ ਭਿਖਾਰੀ ਬਣਦਿਆ ਟਾਈਮ ਨਹੀਂ ਲੱਗਦਾ।

ਖੈਰ! ਐਤਕੀ ਲੋਕ ਸਭਾ ਚੋਣਾਂ ਨੇ ਵੱਡੇ-ਵੱਡੇ ਸਿਆਸਤਦਾਨਾਂ ਦੇ ਭੁਲੇਖੇ ਦੂਰ ਕਰ ਦਿੱਤੇ। 400 ਪਾਰ ਵਾਲੇ 291 ਤੇ ਆ ਗਏ। 0-13 ਵਾਲੇ ਸਿਰਫ 3 ਤੱਕ ਸੀਮਤ ਰਹਿ ਗਏ। ਹੁਣ ਤਾਂ ਸਿਆਸਤਦਾਨਾਂ ਨੂੰ ਲੋਕਾਂ ਨੂੰ ਮੂਰਖ ਬਣਾਉਣ ਵਾਲੀਆਂ ਗੱਲਾਂ ਛੱਡ ਕੇ, ਜੁਮਲੇਵਾਜੀਆਂ ਛੱਡ ਕੇ ਦੇਸ਼ ਤੇ ਪ੍ਰਾਤ ਦੇ ਵਿਕਾਸ ਲਈ ਕੰਮ ਕਰਨੇ ਚਾਹੀਦੇ ਹਨ। ਅੱਜ-ਕੱਲ੍ਹ ਵੋਟਰ ਤੇ ਦੇਸ਼ ਵਾਸੀ ਪਹਿਲਾਂ ਵਾਲੇ ਨਹੀਂ ਰਹੇ ਜਿਹੜੇ ਸਿਆਸਤਦਾਨਾਂ ਦੇ ਝੂਠੇ ਵਾਅਦੇ ਤੇ ਉਨ੍ਹਾਂ ਦੀਆਂ ਪਾਵਰਾਂ ਅੱਗੇ ਝੁੱਕ ਜਾਣ। ਅੱਜ ਲੋਕਾਂ ਨੂੰ ਪਤਾ ਲੱਗਣ ਲੱਗ ਪਿਆ ਹੈ ਕਿ ਮੁੱਫਤ ਦੀਆਂ ਸਹੂਲਤਾਂ ਦੇ ਕੇ ਉਨ੍ਹਾਂ ਨੂੰ ਨਿਕਾਰਾ ਬਣਾਇਆ ਜਾਂ ਰਿਹਾ ਹੈ। ਜਿਹੜੇ ਲੋਕ ਕਿਸੇ ਨੂੰ ਸਿਰ ਤੇ ਬੈਠਾਉਣਾ ਜਾਣਦੇ ਹਨ ਉਹ 'ਚਲਾ ਕੇ ਪੈਰਾਂ ਵਿੱਚ ਮਾਰਨਾ' ਵੀ ਜਾਣਦੇ ਹਨ। ਜੇਕਰ ਸਿਆਸਤਦਾਨਾਂ ਨਾ ਸੁਧਰੇ ਤਾਂ ਉਹ ਦਿਨ ਦੂਰ ਨਹੀਂ ਜਦ ਵੋਟਰ ਸਿਆਸਤਦਾਨਾਂ ਦਾ ਜੁਤੀਆਂ ਦੇ ਹਾਰਾ ਨਾਲ ਸਵਾਗਤ ਵੀ ਕਰਿਆ ਕਰਨਗੇ। ਐਤਕੀ ਦੇ ਚੋਣਾਂ ਦੇ ਨਤੀਜਿਆ ਨੇ ਮਨ ਖੁਸ਼ ਕਰ ਦਿੱਤਾ, ਸਿਆਸਤਦਾਨਾਂ ਨੂੰ ਉਨ੍ਹਾਂ ਦੀ ਔਕਾਤ ਵਿਖਾ ਦਿੱਤੀ। ਪ੍ਰਮਾਤਮਾਂ ਸਾਡੇ ਸਿਆਸਤਦਾਨਾਂ ਨੂੰ ਸੁਮੱਤ ਬਖਸ਼ੇ! ਉਹ ਆਪਣੇ ਨਿੱਜੀ ਸਵਾਰਥ ਛੱਡ ਕੇ ਦੇਸ਼, ਪ੍ਰਾਂਤ, ਸ਼ਹਿਰ ਤੇ ਹਲਕੇ ਦੇ ਵਿਕਾਸ ਲਈ ਕੰਮ ਕਰਨ।



# ਲੋਕ ਸਭਾ ਚੋਣਾ 2024 ਦੇ ਨਤੀਜੇ

## ਪੜ੍ਹੋ, ਪੰਜਾਬ ਵਿੱਚ ਕਿਹੜੀ ਸੀਟ ਉਤੇ ਕਿਸ ਨੇ ਮਾਰੀ ਬਾਜ਼ੀ !

04 ਜੂਨ 2024 / ਸ਼ਾਮ 08:30 ਵਜੇ।

| ਕ੍ਰਮ. | ਹਲਕਾ | ਪਾਰਟੀ | ਉਮੀਦਵਾਰ |
|---|---|---|---|
| 01. | ਫਰੀਦਕੋਟ | ਆਜ਼ਾਦ | ਸਰਬਜੀਤ ਸਿੰਘ ਮਲੋਆ |
| 02. | ਜਲੰਧਰ | ਕਾਗਰਸ | ਚਰਨਜੀਤ ਸਿੰਘ ਚੰਨੀ (ਸਾਬਕਾ ਮੁੱਖ ਮੰਤਰੀ) |
| 03. | ਖਡੂਰ ਸਾਹਿਬ | ਆਜ਼ਾਦ | ਭਾਈ ਅੰਮ੍ਰਿਤਪਾਲ ਸਿੰਘ |
| 04. | ਬਠਿੰਡਾ | ਅਕਾਲੀ ਦਲ | ਹਰਸਿਮਰਤ ਕੌਰ ਬਾਦਲ |
| 05. | ਲੁਧਿਆਣਾ | ਕਾਗਰਸ | ਰਾਜਾ ਵੜਿੰਗ (ਪ੍ਰਧਾਨ: ਪੰਜਾਬ ਕਾਗਰਸ) |
| 06. | ਸੰਗਰੂਰ | ਆਪ | ਮੀਤ ਹੇਅਰ (ਕੈਬਨਿਟ ਮੰਤਰੀ, ਪੰਜਾਬ) |
| 07. | ਅੰਮ੍ਰਿਤਸਰ | ਕਾਗਰਸ | ਗੁਰਜੀਤ ਸਿੰਘ ਔਜਲਾ |
| 08. | ਅਨੰਦਪੁਰ ਸਾਹਿਬ, | ਆਪ | ਮਾਲਵਿੰਦਰ ਸਿੰਘ |
| 09. | ਪਟਿਆਲਾ | ਕਾਗਰਸ | ਡਾ.ਧਰਮਵੀਰ ਗਾਧੀ |
| 10. | ਫਿਰੋਜ਼ਪੁਰ | ਕਾਗਰਸ | ਸ਼ੇਰ ਸਿੰਘ ਘੁਬਾਇਆ |
| 11. | ਗੁਰਦਾਸਪੁਰ | ਕਾਗਰਸ | ਸੁਖਜਿੰਦਰ ਸਿੰਘ ਰੰਧਾਵਾ |
| 12. | ਫਤਹਿਗੜ੍ਹ ਸਾਹਿਬ/ | ਕਾਗਰਸ | ਡਾ. ਅਮਰ ਸਿੰਘ |
| 13. | ਹੁਸ਼ਿਆਰਪੁਰ | ਆਪ | ਰਾਜ ਕੁਮਾਰ ਚੰਬੇਵਾਲ |

ਹੋਰ ਖਬਰਾਂ ਪੜ੍ਹਨ ਲਈ ਕਲਿੱਕ ਕਰੋ:
www.mehakwatandilive.com
ਮਹਿਕ ਵਤਨ ਦੀ 'Mehak Watan Di Live' ਲਾਈਵ

# ਇੱਕ ਮੁੱਠੀ ਚੱਕ ਲੈ ਦੂਜੀ ਤਿਆਰ

**ਜਸਪਾਲ ਸਿੰਘ ਲੋਹਾਮ**

ਜ਼ੁੰਮੇਵਾਰ ਲੋਕਾਂ ਦੀ ਪੂਰੀ ਜ਼ੁੰਮੇਵਾਰੀ ਹੈ ਕਿ ਉਹ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸੁਣਨ, ਵਿਚਾਰ ਕਰਨ ਅਤੇ ਉਨ੍ਹਾਂ ਦੇ ਕੰਮ ਕਰਨ, ਸੁਹਿਰਦ ਹੋਣ ਫਿਰ ਨਾਲੇ ਪੁੰਨ ਤੇ ਨਾਲੇ ਫਲੀਆਂ। ਇਹ ਤਾਂ ਲੋਕ ਦੇਖਦੇ ਹਨ ਕਿ ਫਰਿਆਦ ਲੈ ਕੇ ਗਏ ਸੀ ਪਰ ਕੰਮ ਅਜੇ ਲਟਕਿਆ ਪਿਆ ਹੈ, ਪੂਰਾ ਹੋਣ ਲਈ ਪਤਾ ਨਹੀਂ ਕਿੰਨਾ ਕੁ ਸਮਾਂ ਲੱਗੇਗਾ। ਚਿੰਤਾ ਤਾਂ ਕੰਮ ਕਰਾਉਣ ਵਾਲੇ ਨੂੰ ਹੈ ਪਰ ਬਹੁਤੇ ਨਿਰਾਸ਼ ਹੀ ਮੁੜਦੇ ਹਨ। ਫਿਰ ਬਣੂ ਕੀ, ਸਾਹਮਣੇ ਦਿਸਦਾ ਪਿਆ ਹੈ। ਗਿਰਾਵਟ ਵੱਲ ਜਾਣ ਦਾ ਸੰਕੇਤ ਹੈ। ਅਸਲ ਵਿਚ ਉਹ ਲੋਕ ਹੀ ਦਿਲਾਂ ਤੇ ਰਾਜ ਕਰਦੇ ਹਨ ਜੋ ਲਗਾਤਾਰ ਸੇਵਾ ਵਿਚ ਜੁਟੇ ਰਹਿੰਦੇ ਹਨ, ਧਿਆਨ ਦਿੰਦੇ ਹਨ, ਹੱਲ ਕੱਢਦੇ ਹਨ। ਜ਼ੁਬਾਨ ਦਾ ਰਸ ਬਹੁਤ ਵੱਡੀ ਚੀਜ਼ ਹੈ ਜਿਹੜਾ ਕਿਸੇ ਨੂੰ ਅਰਸ਼ੋਂ ਫ਼ਰਸ਼ ਤੇ ਫ਼ਰਸ਼ੋਂ ਅਰਸ਼ ਤੇ ਲੈ ਜਾਂਦਾ ਹੈ। ਜੀਵਨ ਵਿਚ ਅਸੀਂ ਦੇਖਦੇ ਹਾਂ ਠਰੰਮੇ ਤੇ ਧੀਰਜ ਦੇ ਧਾਰਨੀ ਹੌਲੀ ਹੌਲੀ ਆਪਣੀ ਮੰਜ਼ਿਲ ਤੇ ਪਹੁੰਚ ਜਾਂਦੇ ਹਨ ਪਰ ਕਦੇ ਵੀ ਆਪਣਾ ਸੰਤੁਲਨ ਨਹੀਂ ਖੋਂਹਦੇ ਇਹ ਉਨ੍ਹਾਂ ਦੀ ਸੋਚ ਬਣ ਜਾਂਦੀ ਹੈ। ਕਹਿਣੀ ਕਥਨੀ ਇੱਕ ਹੋਵੇ ਨਹੀਂ ਤਾਂ ਲਾਰਿਆਂ ਲੱਪਿਆਂ ਨਾਲ ਸਭ ਝੋਲੀਆਂ ਭਰਦੀਆਂ ਹਨ।

ਲਹਿਰੀ ਸੋਚ ਦੇ ਮਾਲਕ ਧਰਨੇ, ਮੁਜ਼ਾਹਰੇ, ਰੈਲੀਆਂ, ਪਰਦਰਸ਼ਨਾਂ, ਚੱਕਾ ਜਾਮ ਕਰਕੇ ਰੋਸ ਲਹਿਰ ਲੋਕਾਂ ਤੱਕ ਪਹੁੰਚਦੇ ਹਨ। ਮੀਡੀਆ ਰਾਹੀਂ ਖ਼ਬਰਾਂ ਬਿਰਾਜਮਾਨ ਜ਼ੁੰਮੇਵਾਰ ਲੋਕਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ। ਅੱਜ ਦੇ ਲੋਕ ਲਾਈ ਲੱਗ ਨਹੀਂ ਹਨ, ਬਹੁਤ ਹੀ ਸਮਝਦਾਰ ਹੈ, ਵਿਚਾਰਦੇ ਹਨ, ਪਰਖਦੇ ਹਨ, ਨਿਰਣਾ ਲੈਂਦੇ ਹਨ, ਫਿਰ ਕਰਦੇ ਹਨ। ਭੇਡਚਾਲ ਦਾ ਜ਼ਮਾਨਾ ਨਹੀਂ ਰਿਹਾ।



ਹਰ ਪਾਰਖੂ ਹੈ ਹਰ ਚੰਗਾ ਮਾੜਾ ਪਰਖਦਾ ਹੈ। ਖਰੇ ਨਾਲ ਖੜ੍ਹਦਾ ਹੈ। ਅਮਲਾਂ ਨਾਲ ਨਿਬੇੜੇ ਹੁੰਦੇ ਹਨ। ਨਹੀਂ ਤਾਂ ਹਾਰ, ਹਾਰ, ਬਾਰ ਬਾਰ ਹਾਰ ਦਾ ਮੂੰਹ ਦੇਖਣਾ ਪੈਂਦਾ ਹੈ। ਨਿਕੰਮੇ ਬੰਦੇ ਖੁਦ ਹੀ ਝਰਾਲ ਵਿਚ ਫਸ ਜਾਂਦੇ ਹਨ ਤੇ ਉਥੇ ਹੀ ਘੁੰਮਦੇ ਰਹਿੰਦੇ ਹਨ। ਸਿਰਫ ਭਾਸ਼ਣਾ ਨਾਲ ਢਿੱਡ ਨਹੀਂ ਭਰਦੇ, ਮਹਿਲ ਨਹੀਂ ਉਸਰਦੇ, ਬੰਦਾ ਖੁਸ਼ ਨਹੀਂ ਹੁੰਦਾ। ਫੋਕੀ ਬਿਆਨਬਾਜੀ ਨੂੰ ਸਭ ਸਮਝਦੇ ਹਨ। ਕਾਗਜੀ ਸ਼ੇਰ ਕਾਗਜ਼ੀ ਹੀ ਹੁੰਦੇ ਹਨ ਪਰ ਉਨ੍ਹਾਂ ਨੇ ਕਿਸੇ ਦੇ ਪੱਲੇ ਕੁੱਝ ਵੀ ਨਹੀਂ ਪਾਉਣਾ। ਕਾਮਯਾਬ ਉਹ ਹੈ ਜਿਹੜਾ ਮਿਲਦਾ ਹੈ, ਸਮਾਂ ਦਿੰਦਾ ਹੈ, ਕੰਮ ਕਰਦਾ ਹੈ ਉਸਨੂੰ ਚੰਗਾ ਸਮਝਦੇ ਹਨ ਨਹੀਂ ਤਾਂ ਫੁਕਰਿਆਂ ਗਾਲੜੀਆਂ ਨੂੰ ਕੋਈ ਥਾਂ ਨਹੀਂ ਮਿਲਦੀ। ਕੋਈ ਮੂੰਹ ਨਹੀਂ ਲਾਉਂਦਾ।

ਭ੍ਰਿਸ਼ਟਾਚਾਰ ਦੇ ਵਧਦੇ ਪ੍ਰਭਾਵ ਨੇ ਆਪਣਾ ਘੇਰਾ ਹੋਰ ਵਧਾ ਲਿਆ ਹੈ ਅਤੇ ਜਿਸਨੇ ਜਿਉਣਾ ਦੁੱਭਰ ਕਰਤਾ ਹੈ। ਇਸ ਚੱਕੀ ਵਿਚ ਪਿਸਣ ਵਾਲਾ ਕਦੇ ਵੀ ਕਿਸੇ ਦਾ ਗੁਣਗਾਣ ਨਹੀਂ ਕਰੇਗਾ। ਭ੍ਰਿਸ਼ਟ ਲੋਕ ਕਾਗਜੀ ਟਾਇਰਾਂ ਨਾਲ ਗੱਡੀ ਰੋੜਦੇ ਹਨ। ਸਾਫ ਸ਼ਬਦਾਂ ਵਿਚ ਇੰਜ ਕਹਿ ਲਈਏ ਕਿ ਕੰਮ ਲੈ ਦੇ ਕੇ ਹੁੰਦੇ ਹਨ। ਬਾਈ ਸਮਝ ਵਿਚ ਆ ਗਈ ਗੱਲ। ਸਮੇਂ ਸਿਰ ਕੰਮ ਨਹੀਂ ਹੁੰਦੇ, ਕਰਨ ਵਾਲੇ ਜਾਣਬੁੱਝ ਕੇ ਦੇਰੀ ਕਰਦੇ ਹਨ, ਉਨ੍ਹਾਂ ਦੇ ਹੱਥ 'ਚ ਖੁਰਕ ਹੁੰਦੀ ਹੈ। ਮਾਇਆ ਦੀ ਪ੍ਰਾਪਤੀ ਹੁੰਦੀ ਹੈ। ਇਸ ਭ੍ਰਿਸ਼ਟਾਚਾਰ ਅਤੇ ਮਹਿੰਗਾਈ ਦੇ ਆਲਮ ਵਿਚ ਪ੍ਰਾਣੀ ਜਗਤ ਦਾ ਜਿਉਣਾ ਦੁੱਭਰ ਹੈ। ਕਈ ਦੜ ਵੱਟ ਲੈਂਦੇ ਹਨ, ਕਈ ਬੋਲ ਪੈਂਦੇ ਹਨ। ਜੀਵਨ ਵਿਚ ਕਲਪਨ ਹੈ ਨਿਰੰਤਰ ਸਮਾਂ ਜਾਰੀ ਹੈ ਚੱਲ ਰਿਹਾ ਹੈ ਪਰ ਹਲਾਤ ਬਰਕਰਾਰ ਬਣੇ ਰਹਿੰਦੇ ਹਨ। ਗਰੀਬ, ਗਰੀਬੀ ਦਾ ਸੰਤਾਪ ਹੰਢਾਅ ਰਹੇ ਹਨ ਅਤੇ ਗੁਰਬਤ ਦੀ ਜਿੰਦਗੀ ਜੀਅ ਰਹੇ ਹਨ ਅਤੇ ਉਨ੍ਹਾਂ ਦਾ ਸਿਲਸਲਾ ਲਗਾਤਾਰ ਚੱਲਦਾ ਰਹਿੰਦਾ ਹੈ। ਇਹ ਕੇਹਾ ਨਰਕ ਭਰਿਆ ਜੀਵਨ ਹੈ। ਅਸਲੀਅਤ ਤਾਂ ਘਰ ਘਰ ਜਾ ਕੇ ਪਤਾ ਚੱਲਦੀ ਹੈ ਕਿ ਲੋਕਾਂ ਦਾ ਜੀਵਨ ਪੱਧਰ ਕੀ ਹੈ, ਉਹ ਦੀ ਹਾਲਤ ਕੀ ਹੈ, ਉਹ ਚਾਹੁੰਦੇ ਕੀ ਹਨ। ਕੋਈ ਨੀ ਸੋਚਦਾ।

ਸਮਾਜਸੇਵੀ ਸੰਸਥਾਵਾਂ ਸਮਾਜ ਵਿਚ ਬਹੁਤ ਵੱਡਾ ਰੋਲ ਅਦਾ ਕਰ ਰਹੀਆਂ ਹਨ ਅਤੇ ਲੋੜਵੰਦਾਂ ਦੀ ਮੱਦਦ, ਵਿਤੀ ਮੱਦਦ, ਗਰੀਬ ਗਊ ਦੀ ਮੱਦਦ ਕਰਦੀਆਂ ਹਨ। ਗਰੀਬਾਂ ਦੀਆਂ ਬੇਟੀਆਂ ਦੀਆਂ ਸ਼ਾਦੀਆਂ ਕਰਵਾਈਆਂ ਜਾਂਦੀਆਂ ਹਨ। ਕਿਸੇ ਦੀ ਸਹਾਇਤਾ ਕਰਨੀ ਚੰਗੀ ਗੱਲ ਹੈ। ਜਿਹੜੇ ਕੰਮ ਨਹੀ ਕਰਦੇ, ਨਸ਼ਾ ਕਰਦੇ ਹਨ, ਕਿਸੇ ਦੇ ਆਖੇ ਨਹੀਂ ਲੱਗਦੇ, ਗੱਪ ਮਾਰਦੇ ਹਨ ਉਹ ਸਾਰਿਆਂ ਦੇ ਮਨਾਂ ਤੋਂ ਲਹਿ ਜਾਂਦੇ ਹਨ। ਗੱਪੀ ਅਖਵਾਉਂਦੇ ਹਨ। ਕਈ ਏਵੇਂ ਕਹਿ ਵੀ ਦਿੰਦੇ ਹਨ ਕਿ ਉਹ ਤਾਂ ਮੋਟੀ ਅਫੀਮ ਛਕ ਕੇ ਵੱਡੇ ਗੱਪ ਮਾਰਦਾ ਹੈ। ਸਭ ਜਾਣਦੇ ਹਨ ਕਿ ਗੱਪੀ ਕੌਣ ਹੈ ਤੇ ਕਰਨ ਵਾਲਾ ਕੌਣ? ਸਮਾਜ ਵਿਚ ਉਨ੍ਹਾਂ ਦੀ ਖਿਚੜੀ ਪੱਕਦੀ ਹੈ ਤੇ ਗੱਪੀ ਤੋਂ ਕਿਨਾਰਾ ਕਰਦੇ ਹਨ।

ਗਰੀਬ ਮਾਵਾਂ ਘਰਾਂ 'ਚ ਕੰਮ ਕਰਦੀਆਂ ਹਨ ਅਤੇ ਗਰੀਬੀ ਦਾਅਵੇ ਨਾਲ ਉਨ੍ਹਾਂ ਦੇ ਬੱਚੇ ਵੀ ਘਰਾਂ, ਖੇਤਾਂ, ਭੱਠਿਆਂ, ਢਾਬਿਆਂ, ਹੋਟਲਾਂ, ਰੈਸਟੋਰੈਂਟਾਂ, ਦੁਕਾਨਾਂ, ਫੈਕਟਰੀਆਂ ਤੇ ਕੰਮ ਕਰਦੇ ਹਨ। ਇਹ ਉਮਰ ਕੰਮ ਕਰਨ ਦੀ ਨਹੀਂ ਪੜ੍ਹਨ ਦੀ ਹੈ। ਇਸ ਲਈ ਆਓ ਮਨਾਂ ਨੂੰ ਸਾਫ ਕਰੀਏ ਲੋਕਾਂ ਦੇ ਕੰਮ ਆਈਏ, ਸੇਵਾ ਕਰੀਏ, ਕਿਸੇ 'ਚ ਦੁਫਾੜ ਨਾ ਪਾਈਏ, ਇੱਜਤ ਕਰੀਏ ਤੇ ਕਰਾਈਏ। ਸੋਚ ਬਦਲੀਏ, ਜੀਵਨ ਖੁਦ ਬਦਲ ਜਾਵੇਗਾ।

ਮਹਿਕ ਵਤਨ ਦੀ 'Mehak Watan Di Live' ਲਾਈਵ

ਮਾਸਿਕ 'ਮਹਿਕ ਵਤਨ ਦੀ ਲਾਈਵ' ਮੋਗਾ
Monthly 'Mehak Watan Di Live' Moga




ਬਾਲ ਕਹਾਣੀ :

# ਭੇੜੀਏ ਦੀ ਮੂਰਖਤਾ



ਜੰਗਲ ਦੇ ਜਾਨਵਰ ਸ਼ੇਰ ਦੇ ਖੌਫ਼ ਤੋਂ ਪਰੇਸ਼ਾਨ ਸਨ ਉਹ ਰੋਜ਼ ਕਿਸੇ ਨਾ ਕਿਸੇ ਜਾਨਵਰ ਨੂੰ ਮਾਰ ਕੇ ਆਪਣੀ ਭੁੱਖ ਮਿਟਾਉਂਦਾ ਸੀ। ਇੱਕ ਦਿਨ ਸ਼ੇਰ ਤਲਾਬ ਕਿਨਾਰਿਓਂ ਲੰਘ ਰਿਹਾ ਸੀ, ਉਦੋਂ ਹੀ ਉਸਦੀ ਨਜ਼ਰ ਤਲਾਬ 'ਚ ਪਾਣੀ ਪੀ ਰਹੇ ਬੱਕਰੇ 'ਤੇ ਪਈ ਉਹ ਬੱਕਰੇ ਨੂੰ ਦਬੋਚਣ ਲਈ ਹੌਲੀ-ਹੌਲੀ ਉਸ ਵੱਲ ਵਧਣ ਲੱਗਾ ਤਲਾਬ ਕਿਨਾਰੇ ਖੜ੍ਹਾ ਘਾਹ ਖਾ ਰਿਹਾ ਖਰਗੋਸ਼ ਇਹ ਸਭ ਕੁਝ ਦੇਖ ਰਿਹਾ ਸੀ ਅਚਾਨਕ ਉਹ ਚਿਲਾਇਆ, 'ਬੱਕਰੇ ਭਰਾ, ਭੱਜ ਜਾ, ਸ਼ੇਰ ਤੇਰੇ 'ਤੇ ਹਮਲਾ ਕਰਨ ਵਾਲਾ ਹੈ।'

ਬੱਕਰਾ ਭੱਜ ਪਿਆ ਸ਼ੇਰ ਨੇ ਉਸਦਾ ਪਿੱਛਾ ਕੀਤਾ। ਪਰ ਉਹ ਸੰਘਣੀਆਂ ਝਾੜੀਆਂ 'ਚ ਜਾ ਕੇ ਲੁਕ ਗਿਆ। ਸ਼ੇਰ ਨੂੰ ਖਰਗੋਸ਼ 'ਤੇ ਬਹੁਤ ਗੁੱਸਾ ਆਇਆ, ਕਿਉਂਕਿ ਉਸ ਕਰਕੇ ਹੀ ਉਹ ਬੱਕਰਾ ਉਸ ਹੱਥੋਂ ਨਿੱਕਲ ਗਿਆ ਸੀ।

ਹੁਣ ਉਹ ਖਰਗੋਸ਼ ਦਾ ਜਾਨੀ ਦੁਸ਼ਮਣ ਬਣ ਗਿਆ ਉਹ ਤਲਾਬ ਕਿਨਾਰੇ ਪਰਤਿਆ ਪਰ ਖਰਗੋਸ਼ ਵੀ ਉੱਥੋਂ ਭੱਜ ਗਿਆ ਸੀ, ਸ਼ੇਰ ਖਰਗੋਸ਼ ਦਾ ਘਰ ਲੱਭਣ ਲੱਗਾ ਉਹ ਇੱਧਰ-ਉੱਧਰ ਘੁੰਮਦਾ ਰਿਹਾ ਆਖ਼ਰ ਉਸ ਨੂੰ ਖਰਗੋਸ਼ ਦਾ ਘਰ ਮਿਲ ਗਿਆ ਉਸ ਸਮੇਂ ਖਰਗੋਸ਼ ਆਪਣੇ ਪਰਿਵਾਰ ਨਾਲ ਆਰਾਮ ਕਰ ਰਿਹਾ ਸੀ।

ਸ਼ੇਰ ਨੇ ਉਸ 'ਤੇ ਹਮਲਾ ਕਰ ਦਿੱਤਾ ਤੇ ਖਰਗੋਸ਼, ਉਸਦੀ ਪਤਨੀ ਤੇ ਦੋ ਬੱਚਿਆਂ ਨੂੰ ਮਾਰ ਕੇ ਖਾ ਗਿਆ।

ਇਹ ਗੱਲ ਜੰਗਲ 'ਚ ਅੱਗ ਵਾਂਗ ਫੈਲ ਗਈ ਸਾਰੇ ਜਾਨਵਰਾਂ ਦੀ ਜ਼ੁਬਾਨ 'ਤੇ ਇੱਕ ਹੀ ਗੱਲ ਸੀ ਕਿ ਬੱਕਰੇ ਦੀ ਜਾਨ ਬਚਾਉਣ ਕਾਰਨ ਖਰਗੋਸ਼ ਦੇ ਪਰਿਵਾਰ ਦਾ ਅੰਤ ਹੋਇਆ ਉਦੋਂ ਬਾਅਦ ਤਾਂ ਜਿਵੇਂ ਜੰਗਲ ਦਾ ਕੋਈ ਵੀ ਜਾਨਵਰ ਸ਼ੇਰ ਦੇ ਸ਼ਿਕਾਰ ਨੂੰ ਸਾਵਧਾਨ ਕਰਨਾ ਹੀ ਭੁੱਲ ਗਿਆ।

ਇਸੇ ਜੰਗਲ 'ਚ ਹੀ ਬਾਂਦਰ ਅਤੇ ਭੇੜੀਆ ਵੀ ਰਹਿੰਦੇ ਸਨ ਦੋਵਾਂ 'ਚ ਪੱਕੀ ਦੋਸਤੀ ਸੀ ਬਾਂਦਰ ਵਿਵਹਾਰ ਦਾ ਸਹੀ ਸੀ ਪਰ ਭੇੜੀਆ ਹੰਕਾਰੀ ਸੀ ਉਹ ਆਪਣੇ-ਆਪ ਨੂੰ ਬਹੁਤ ਹੁਸ਼ਿਆਰ ਸਮਝਦਾ ਸੀ।

ਇੱਕ ਦਿਨ ਭੇੜੀਆ ਅੰਬ ਦੇ ਰੁੱਖ ਹੇਠ ਆਰਾਮ ਕਰ ਰਿਹਾ ਸੀ ਤੇ ਉੱਪਰ ਬਾਂਦਰ ਅੰਬ ਖਾ ਰਿਹਾ ਸੀ ਉਦੋਂ ਹੀ ਉੱਥੋਂ ਸ਼ੇਰ ਲੰਘਿਆ ਉਸਦੀ ਨਜ਼ਰ ਆਰਾਮ ਕਰ ਰਹੇ ਭੇੜੀਏ 'ਤੇ ਪਈ ਉਸ ਦੇ ਭੋਜਨ ਦਾ ਸਮਾਂ ਹੋ ਗਿਆ ਸੀ, ਸੋਚਿਆ, 'ਬਿਨਾ ਮਿਹਨਤ ਦੇ ਭੇੜੀਏ ਦੇ ਰੂਪ 'ਚ ਮੈਨੂੰ ਰੱਜਵਾਂ ਭੋਜਨ ਮਿਲ ਗਿਆ।'

ਉਹ ਭੇੜੀਏ ਵੱਲ ਵਧਣ ਲੱਗਾ ਬਾਂਦਰ ਦੀ ਨਜ਼ਰ ਉਸ 'ਤੇ ਪਈ ਉਹ ਸ਼ੇਰ ਦੀ ਨੀਅਤ ਸਮਝ ਗਿਆ ਹੁਣ ਬਾਂਦਰ ਦਾ ਫਰਜ਼ ਬਣਦਾ ਸੀ ਕਿ ਉਹ ਆਪਣੇ ਦੋਸਤ ਦੀ ਜਾਨ ਬਚਾਵੇ।

ਬਾਂਦਰ ਨੇ ਸੋਚਿਆ, 'ਜੇਕਰ ਮੈਂ 'ਸ਼ੇਰ ਆ ਗਿਆ' ਕਹਿ ਕੇ ਭੇੜੀਏ ਨੂੰ ਜਗਾ ਦੇਵਾਂਗਾ ਤਾਂ ਸ਼ੇਰ ਮੇਰੇ ਨਾਲ ਮੇਰੇ ਪਰਿਵਾਰ ਨੂੰ ਵੀ ਮਾਰ ਦੇਵੇਗਾ' ਉਹ ਦੂਜਾ ਉਪਾਅ ਸੋਚਣ ਲੱਗਾ ਅਚਾਨਕ ਉਹ ਚਿਲਾਇਆ, 'ਭਰਾ ਭੱਜ ਜਾ, ਸ਼ਿਕਾਰੀ ਆ ਰਿਹਾ ਹੈ।' ਬਾਂਦਰ ਦੀ ਅਵਾਜ ਸ਼ੇਰ ਨੇ ਸੁਣੀ ਉਹ ਸਮਝਿਆ ਕਿ ਬਾਂਦਰ ਉਸ ਨੂੰ ਸਾਵਧਾਨ ਕਰ ਰਿਹਾ ਹੈ ਹੋ ਸਕਦਾ ਹੈ, ਬੰਦੂਕਧਾਰੀ ਕੋਈ ਵਿਅਕਤੀ ਜੰਗਲ 'ਚ ਆਇਆ ਹੋਵੇਗਾ। ਇਹ ਸੋਚ ਕੇ ਉਹ ਪਲਟਿਆ ਤੇ ਪੂਰੀ ਰਫ਼ਤਾਰ ਨਾਲ ਆਪਣੀ ਗੁਫ਼ਾ ਵੱਲ ਭੱਜਣ ਲੱਗਾ।

ਬਾਂਦਰ ਦੇ ਚਿਲਾਉਣ ਨਾਲ ਭੇੜੀਆ ਵੀ ਜਾਗ ਗਿਆ ਸੀ ਉਸ ਨੇ ਸ਼ੇਰ ਨੂੰ ਭੱਜਦੇ ਹੋਏ ਦੇਖਿਆ।

ਭੇੜੀਆ ਹੰਕਾਰੀ ਤਾਂ ਸੀ ਹੀ ਉਹ ਬਾਂਦਰ ਨੂੰ ਬੋਲਿਆ, 'ਬਾਂਦਰ ਭਰਾ, ਉਹ ਦੇਖ ਸ਼ੇਰ ਮੇਰੇ ਤੋਂ ਡਰ ਕੇ ਭੱਜ ਰਿਹਾ ਹੈ ਅੱਜ ਮੈਂ ਵੀ ਉਸ ਨੂੰ ਜੀਅ ਭਰ ਕੇ ਭਜਾਵਾਂਗਾ' ਕਹਿ ਕੇ ਉਹ ਸ਼ੇਰ ਪਿੱਛੇ ਭੱਜਣ ਲੱਗਾ।

ਬਾਂਦਰ ਨੇ ਕਿਹਾ, "ਭੇੜੀਏ ਭਰਾ, ਅਜਿਹੀ ਮੂਰਖਤਾ ਨਾ ਕਰ, ਸ਼ੇਰ ਤੇਰੇ ਤੋਂ ਡਰ ਕੇ ਨਹੀਂ ਭੱਜ ਰਿਹਾ" ਭਰਾ, ਉਹ ਮੇਰੇ ਤੋਂ ਹੀ ਡਰਿਆ ਹੈ ਮੇਰੀ ਹੁਸ਼ਿਆਰੀ ਅੱਗੇ ਉਸਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਬਾਂਦਰ ਭਰਾ, ਉਹ ਦੇਖ ਸ਼ੇਰ ਮੇਰੇ ਤੋਂ ਡਰ ਕੇ ਭੱਜ ਰਿਹਾ ਹੈ ਕਹਿ ਕੇ ਉਹ ਸ਼ੇਰ ਪਿੱਛੇ ਭੱਜਣ ਲੱਗਾ।

ਸ਼ੇਰ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਉਸ ਨੂੰ ਹੈਰਾਨੀ ਹੋਈ ਕਿ ਉਸਦਾ ਸ਼ਿਕਾਰ ਉਸ ਦੇ ਪਿੱਛੇ-ਪਿੱਛੇ ਆ ਰਿਹਾ ਹੈ ਉਸ ਨੇ ਦਹਾੜਦੇ ਹੋਏ ਛਾਲ ਮਾਰ ਕੇ ਭੇੜੀਏ ਨੂੰ ਦਬੋਚ ਲਿਆ ਤੇ ਉਸ ਨੂੰ ਖਾ ਕੇ ਆਪਣੀ ਭੁੱਖ ਸ਼ਾਂਤ ਕਰ ਲਈ। ਬਾਂਦਰ ਵੀ ਇੱਕ ਦਰੱਖਤ ਤੋਂ ਦੂਜੇ ਦਰੱਖਤ 'ਤੇ ਛਾਲ ਮਾਰਦਾ ਹੋਇਆ ਆਪਣੇ ਦੋਸਤ ਦੇ ਪਿੱਛੇ-ਪਿੱਛੇ ਉੱਥੇ ਪਹੁੰਚ ਗਿਆ ਸੀ। ਉਹ ਨਿੰਮ ਦੇ ਦਰੱਖਤ 'ਤੇ ਬੈਠਾ ਆਪਣੇ ਦੋਸਤ ਦੀ ਮੂਰਖਤਾ 'ਤੇ ਹੰਝੂ ਕੇਰ ਰਿਹਾ ਸੀ।

**ਧੰਨਵਾਦ ਸਹਿਤ : ਸੱਚ ਕਹੂੰ**

# ਜ਼ਰੂਰੀ ਹੈ ਜੀਵਣ ਵਿੱਚ ਸਮੇਂ ਦੀ ਕਦਰਦਾਨੀ ਤੇ ਪਾਬੰਦੀ

ਜ਼ਿੰਦਗੀ ਵਿਚ ਸਮਾਂ ਨਿਰੰਤਰ ਆਪਣੀ ਚਾਲ ਚੱਲਦਾ ਰਹਿੰਦਾ ਹੈ ਅਤੇ ਸੁਭਾਅ ਪੱਖੋਂ ਹੈ ਵੀ ਬੜਾ ਅੜੀਅਲ। ਕੋਈ ਮਨੁੱਖ ਸੁਭਾਅ ਪੱਖੋਂ ਅੜੀਅਲ ਹੋਵੇ ਤਾਂ ਯਤਨਾਂ ਨਾਲ ਅੰਤ ਵਿੱਚ ਮਨਾਇਆ ਮੰਨ ਹੀ ਜਾਂਦਾ ਹੈ, ਰੋਕਿਆ ਰੁਕ ਹੀ ਜਾਂਦਾ ਹੈ। ਪੋਰ ਸਮਾਂ ਤਾਂ ਏਨਾ ਪੱਕਾ ਅੜੀਅਲ ਹੈ ਕਿ ਰੋਕਿਆ ਰੁਕਦਾ ਨਹੀਂ। ਇਹ ਨਾ ਕਿਸੇ ਦੀ ਮਿੰਨਤ ਜਾਂ ਤਰਲਾਂ ਸੁਣੇ ਅਤੇ ਨਾ ਹੀ ਕਿਸੇ ਦਾ ਰੋਹਬ। ਭਾਵੇਂ ਜਿੱਡਾ ਵੱਡਾ ਮਰਜੀ ਅਫਸਰ ਹੋਵੇ ਤੇ ਭਾਵੇਂ ਹੋਵੇ ਦੇਸ਼ ਦਾ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ। ਸਾਹਿਤਕ ਜਗਤ ਦੇ ਉੱਘੇ ਕਵੀ ਭਾਈ ਵੀਰ ਸਿੰਘ ਜੀ ਨੇ ਵੀ ਸਮੇਂ ਦਾ ਇਹ ਲੱਛਣ ਵੇਖ ਕੇ ਹੀ ਸਮੇਂ ਅੱਗੇ ਲੋਕਾਈ ਦੇ ਢਿੱਲੇ ਪਏ ਵਾਸਤਿਆਂ ਬਾਰੇ ਲਿਖਿਆ ਹੈ ਕਿ,"ਰਹੀ ਵਾਸਤੇ ਘੱਟ ਸਮੇਂ ਇਕ ਨਾ ਮੰਨੀ, ਫੜ੍ਹ-ਫੜ੍ਹ ਰਹੀ ਧਰੀਕ, ਸਮੇਂ ਖਿਸਕਾਈ ਕੰਨੀ"। ਪ੍ਰੰਤੂ ਕੰਨੀ ਖਿਸਕਾ ਕੇ ਭੱਜਿਆ ਜਾਂਦਾ ਅਤੇ ਰੋਕਿਆ ਨਾ ਰੁਕਣ ਵਾਲਾ ਇਹ ਸਮਾਂ ਸਾਨੂੰ ਉੱਚੀ-ਉੱਚੀ ਬੋਲ ਕੇ ਸੁਚੇਤ ਕਰ ਰਿਹਾ ਹੈ ਕਿ, "ਭਾਈ ਸਾਂਭਣਾਂ ਹੈ ਤਾਂ ਸਾਂਭ ਲਵੋ ਨਹੀਂ ਮੈ ਤਾਂ ਚੱਲਿਆ", ਪਰ ਅਸੀਂ ਬਹੁਤੇ ਸਮਾਜਿਕ ਪ੍ਰਾਣੀ ਸਮੇਂ ਦੀ ਇਸ ਪੁਕਾਰ ਤੋਂ ਅਵੇਸਲੇ ਅਤੇ ਬੇਗੌਰੇ ਜਿਹੇ ਹੋ ਕੇ ਜੀਵਣ ਵਿੱਚ ਥਾਂ-ਥਾਂ ਐਵੇ ਹੀ ਸਮਾਂ ਬਰਬਾਦ ਕਰੀ ਜਾਂਦੇ ਹਾਂ। ਸਮੇਂ ਦੀ ਕਰਦਦਾਨੀ ਸਾਡੇ ਬਹੁਤਿਆ ਦੇ ਸੁਭਾਅ ਵਿੱਚ ਹੀ ਨਹੀਂ ਹੈ। ਸਾਡੇ ਸਾਰਿਆਂ ਕੋਲ ਵਰਤੋਂ ਲਈ ਦਿਨ ਰਾਤ ਦਾ ਚੌਵੀ ਘੰਟੇ ਦਾ ਸਮਾਂ ਹੁੰਦਾ ਹੈ, ਆਪਣੇ ਸੁਭਾਅ ਅਤੇ ਲੋੜ ਮੁਤਾਬਿਕ ਅਸੀਂ ਤਕਰੀਬਨ 7-8 ਘੰਟੇ ਇਹਨਾਂ ਚੌਵੀ ਘੰਟਿਆਂ ਵਿੱਚੋਂ ਸੌਣ ਤੇ ਲਾ ਦਿੰਦੇ ਹਾਂ ਜੋ ਕੰਮ ਧੰਦੇ ਤੋਂ ਬਾਅਦ ਥੱਕੇ ਹੋਏ ਸਰੀਰ ਲਈ ਜ਼ਰੂਰੀ ਵੀ ਹੈ।

ਪ੍ਰੰਤੂ ਬਾਰੀ ਬਚੇ 16-17 ਘੰਟੇ ਦੇ ਸਮੇਂ ਨੂੰ ਅਸੀਂ ਕਿਵੇਂ ਬਤੀਤ ਕੀਤਾ, ਇਹ ਜਾਨਣ ਲਈ ਜੇਕਰ ਇਸਦੀ ਵਰਤੋਂ ਦੀ ਰੀਲ ਪਿੱਛੇ ਨੂੰ ਮੋੜੀਏ ਤਾਂ 16-17 ਘੰਟੇ ਵਿੱਚੋਂ ਔਸਤਨ 1-2 ਘੰਟੇ ਸਮੇਂ ਦੀ ਅਜਾਂਈ ਹੋਈ ਬਰਬਾਦੀ ਸਨੂੰ ਇਕ ਝਲਕ ਵਿੱਚ ਹੀ ਵੇਖਣ ਨੂੰ ਮਿਲਦੀ ਹੈ। ਇਸ 1-2 ਘੰਟੇ ਦੇ ਕੀਮਤੀ ਸਮੇਂ ਨੂੰ ਸਾਂਭ ਕੇ ਅਸੀਂ ਬਹੁਤ ਹੀ ਉਪਯੋਗੀ ਲਾਭ ਲੈ ਸਕਦੇ ਸੀ। ਪ੍ਰੰਤੂ ਇਕ ਨਿੱਜੀ ਵਿਅਕਤੀ ਦੁਆਰਾ ਇਹ 1-2 ਘੰਟੇ ਕੀਮਤੀ ਸਮੇਂ ਦੀ ਬਰਬਾਦੀ ਤੇ ਸੁਭਾਵਿਕ ਤੌਰ ਤੇ ਨਾ ਹੀ ਕਦੇ ਸਾਨੂੰ ਕੋਈ ਪਛਤਾਵਾ ਹੋਇਆ ਹੈ ਅਤੇ ਨਾ ਹੀ ਸਮੇਂ ਰੂਪੀ ਉਪਯੋਗੀ ਕੀਮਤੀ ਖਜ਼ਾਨੇ ਦਾ ਘਾਟਾ ਹੀ ਮਹਿਸੂਸ ਕੀਤਾ ਜਾਂਦਾ ਹੈ। ਸੌਣ ਤੇ ਜਾਂ ਆਰਾਮ ਲਈ ਦਿਨੇ ਹੀ ਲੇਟੇ ਮਾਰਨ ਵਿੱਚ ਸਮੇਂ ਦੀ ਬਰਬਾਦੀ, ਟੀ.ਵੀ. ਸੀਰੀਅਲ ਤੇ ਹੋਰ ਪ੍ਰੋਗਰਾਮ ਵੇਖਣ ਕੇ ਲੋੜ ਤੋਂ ਵੱਧ ਸਮਾਂ ਬਰਬਾਦ ਕਰੀ ਜਾਣਾ, ਬਹੁਤ ਦੇਰ ਰਾਤ ਤੱਕ ਸੱਥਾ ਵਿੱਚ ਬੈਠ ਕੇ ਇਕ ਦੂਜੇ ਨਾਲ ਗਪੌੜ ਮਾਰੀ ਜਾਣੇ, ਤਾਸ਼ਾਂ ਕੁੱਟਣਾ, 'ਚ ਸਮੇਂ ਦੀ ਬਰਬਾਦੀ, ਕਈ ਸਮਾਗਮਾਂ ਵਿੱਚ ਦੀਆਂ ਲੋਕ ਵਿਖਾਵੇ ਦੀਆਂ ਰਸਮਾਂ ਪ੍ਰਤੀ ਸਮਾਂ ਬਰਬਾਦ ਕਰੀ ਜਾਣਾ, ਮਹਿਮਾਨਗਿਰੀ ਅਤੇ ਮੇਜਬਾਨੀ ਵਿੱਚ ਜਿਆਦਾ ਰਸਮੀ ਬਣਕੇ ਸਮਾਂ ਬਰਬਾਦੀ ਦਾ ਵਰਤਾਰਾ ਆਮ ਹੈ। ਸੱਭ ਤੋਂ ਵੱਧ ਸਮੇਂ ਬਰਬਾਦੀ ਉਦੋਂ ਹੁੰਦੀ ਹੈ ਜਦੋਂ ਮੋਬਾਇਨ ਕੰਨਾਂ ਨੂੰ ਲਾਕੇ ਲੰਬੀਆਂ-ਲੰਬੀਆਂ ਕਹਾਣੀਆਂ ਪਾਉਣ ਤੇ ਸੁਨਣ ਦੀ ਆਦਤ ਪੈ ਜਾਂਦੀ ਹੈ। ਦਫਤਰਾਂ ਵਿੱਚ ਵੀ ਦੋ-ਦੋ ਤਿੰਨ-ਤਿੰਨ ਮੈਂਬਰਾਂ ਦੀਆਂ ਟੋਲੀਆਂ ਜਿਹੀਆਂ ਬਣਾ ਕੇ ਵਟਸ-ਐੱਪ, ਫੇਸ ਬੁੱਕ ਆਦਿ ਤੇ ਸੰਦੇਸ਼ ਭੇਜਕੇ ਸੁਣਕੇ ਹਾਸੜਾਂ ਪਾਈ ਜਾਣੀਆਂ ਜਾਂ ਕੰਮ ਦੀ ਬਜਾਏ ਦਫਤਰਾਂ ਵਿੱਚ ਗੱਲਾਂ ਦੀ ਢਾਈ ਨਾਲ ਲਾਈ ਜਾਣੀ ਸਾਡੇ ਜਨ-ਜੀਵਨ ਦਾ ਇਕ ਸੁਭਾਅ ਬਣ ਗਿਆ ਹੈ।

ਇਕ ਪਾਸੇ ਜਨ-ਜੀਵਨ ਦਾ ਇਹ ਸੁਭਾਅ ਅਤੇ ਦੂਸਰੇ ਪਾਸੇ ਸਮੇਂ ਦੀ ਸੰਭਾਲ ਪ੍ਰਤੀ ਗੰਭੀਰਤਾ, ਦੋਹਨਾਂ ਵਿੱਚੋਂ ਸੁਭਾਅ ਹੀ ਜੇਤੂ ਹੋ ਨਿਭੜਦਾ ਹੈ ਸਮੇਂ ਦੀ ਸੰਭਾਲ ਵਿਚਾਰੀ ਹਾਰ ਜਾਂਦੀ ਹੈ। ਬਹੁਤੇ ਮਾਪਿਆਂ ਦਾ ਅਜਿਹਾ ਸੁਭਾਓ ਹੋਣ ਕਰਕੇ ਉਹ ਬੱਚਿਆਂ ਨੂੰ ਵੀ ਸਮੇਂ ਦੀ ਕਦਰ ਕਰਨ ਦੀ ਆਦਤ ਨਹੀਂ ਪਾਉਂਦੇ ਅਤੇ ਬੱਚੇ ਵੀ ਫਿਰ ਜਵਾਨੀ ਵਿੱਚ ਪਹੁੰਚ ਕੇ ਸਮੇਂ ਬਰਬਾਦੀ ਦੀ ਇਹ ਆਦਤ ਪਰਪੱਕ ਹੋਣ ਕਰਕੇ ਮੋਟਰਸਾਈਕਲ ਤੇ ਬੁਲੇਟਾਂ ਤੇ ਗੇੜੀਆਂ ਮਾਰਦੇ ਸਮਾਂ ਬਰਬਾਦ ਕਰਦੇ ਫਿਰਦੇ ਰਹਿੰਦੇ ਹਨ। ਬੱਚਿਆਂ ਦੀਆਂ ਸਮੇਂ ਬਰਬਾਦੀ ਦੀਆਂ ਆਦਤਾਂ ਵਿਗਾਂੜਨ ਵਾਲੇ ਮਾਪੇ ਹੀ ਫਿਰ ਇਹਨਾਂ ਬੱਚਿਆਂ ਨੂੰ ਵੇਹਲੜ ਮੰਡੀਰ ਦੱਸਦੇ ਹਨ। ਗੰਭੀਰਤਾ ਨਾਲ ਚਿੰਤਨ ਕਰਨ ਦੀ ਲੋੜ ਹੈ ਕਿ ਬੱਚਿਆਂ ਦੀ ਇਹ ਆਦਤ ਬਚਪਣ ਵਿੱਚ ਵਿਗੜਨ ਵਾਲੇ ਵੀ ਤਾਂ ਮਾਪੇ ਹੀ ਹਨ।

ਇਕ ਨਿੱਜੀ ਵਿਅਕਤੀ ਦੁਆਰਾ ਰੋਜ਼ਾਨਾ ਔਸਤਨ 1-2 ਘੰਟੇ ਦੇ ਸਮੇਂ ਦੀ ਬਰਬਾਦੀ ਨੂੰ ਜੇਕਰ ਹਿੰਦੋਸਤਾਨ ਦੀ ਕੁੱਲ ਅਬਾਦੀ ਦੇ 50 ਪ੍ਰਤੀਸ਼ਤ ਇਸ ਸਭਾਅ ਦੇ ਲੋਕਾਂ ਨਾਲ ਗੁਣਾ ਕਰੀਏ ਤਾਂ ਇਕ ਸਾਲ ਵਿੱਚ ਪੂਰੇ ਦੇਸ਼ ਵਿੱਚ ਕਿੰਨਾਂ ਸਮਾਂ ਵੇਹਲੇ ਰਹਿਕੇ ਬਰਬਾਦ ਹੁੰਦਾ ਹੈ ਇਹ ਇਕ ਚਿੰਤਾ ਦਾ ਵਿਸ਼ਾ ਹੈ। ਸਮੇਂ ਦੀ ਬੇਕਦਰੀ ਕਰਦੇ ਹੋਏ ਅਸੀਂ ਸਮੇਂ ਦੇ ਪਾਬੰਦ ਵੀ ਨਹੀਂ ਹਾਂ। ਕਿਸੇ ਪ੍ਰੋਗਰਾਮ ਪ੍ਰਤੀ ਦਿੱਤੇ ਸਮੇਂ ਨਾਲੋਂ 15-20 ਮਿੰਟ ਜਾਂ ਇਥੋਂ ਤੱਕ ਕਿ ਘੰਟਾ ਡੇਹਢ ਘੰਟਾ ਲੇਟ ਪੁੱਜਣਾ ਸਾਡੇ ਕਈ ਲੋਕਾਂ ਆਮ ਜਿਹੀ ਗੱਲ ਹੈ। ਜੇਕਰ ਕੋਈ ਵਿਆਹ ਦਾ ਪ੍ਰੋਗਰਾਮ ਹੋਵੇ ਤਾਂ ਅੱਧੀ ਰਾਤ ਤੱਕ ਦਾਰੂ ਪੀ-ਪੀ ਕੇ ਭੰਗੜੇ ਪਾਈ ਜਾਣੇ ਫਿਰ ਦੂਜੇ ਦਿਨ ਬਰਾਤੀਆ ਤੋਂ ਉਠਿਆ ਨੀ ਜਾਂਦਾ। ਬਰਾਤ ਲੇਟ, ਅੰਨਦ ਕਾਰਜ ਜਾਂ ਫੇਰੇ ਲੇਟ ਫਿਰ ਡੋਲੀ ਦੀ ਰਵਾਨਗੀ ਲੇਟ ਸਵੇਰੇ ਹੀ ਬਰਾਤ ਲੇਟ ਆਉਣ ਕਰਕੇ ਲੜਕੀ ਵਾਲਿਆਂ ਦੀਆਂ ਸਾਰਾ ਦਿਨ ਭਾਜੜਾਂ ਪਈਆਂ ਰਹਿੰਦੀਆਂ ਹਨ। ਕਿਸੇ ਪ੍ਰੋਗਰਾਮ ਵਿੱਚ ਜੇਕਰ ਮੁਖ-ਮਹਿਮਾਨ ਲੇਟ ਹੋ ਜਾਵੇ ਤਾਂ ਉਡੀਕਵਾਨ ਪ੍ਰੰਬਧਕ ਵਿਚਾਰੇ ਅੱਖਾਂ ਚੁੱਕ-ਚੁੱਕ ਘੰਟਾ-ਘੰਟਾ ਵੇਖੀ ਜਾਂਦੇ ਹਨ। ਲੇਟ ਆਉਣ ਵਾਲਾ ਇਕ ਬੰਦਾ ਵਕਤ ਸਾਰਿਆਂ ਨੂੰ ਪੈ ਜਾਂਦਾ ਹੈ। ਪਾਠ ਦੇ ਭੋਗ ਤੇ ਜੇਕਰ ਘਰ ਦੀ ਕੁੜੀ ਤੇ ਜਵਾਈ, ਭੂਆ-ਫੁੱਫੜ ਲੇਟ ਹੋ ਜਾਣ ਤਾਂ ਰਾਗੀ ਸਿੰਘਾਂ ਤੋਂ ਅਸੀਂ ਹੋਰ ਸ਼ਬਦ ਲੁਆਈ ਜਾਂਦੇ ਹਾਂ ਕਿ ਅਜੇ ਖਾਸ ਰਿਸ਼ਤੇਦਾਰ ਨਹੀਂ ਆਏ। ਇਕ ਸ਼ਬਦ ਹੋਰ, ਇਕ ਸ਼ਬਦ ਹੋਰ ਉਂਗਲੀ ਚੁੱਕ ਕੇ ਰਾਗੀਆਂ ਨੂੰ ਇਸ਼ਾਰੇ ਕਰਦੇ ਹਾਂ ਜਦੋਂ ਕਿ ਉਹਨਾਂ ਵਿਚਾਰਿਆਂ ਦੀਆਂ ਦਮ ਟੁੱਟਣ ਕਰਕੇ ਅੱਖਾਂ ਬਾਹਰ ਨੂੰ ਆਉਣ ਵਾਲੀਆਂ ਹੋਈਆਂ ਹੁੰਦੀਆਂ ਹਨ। ਸਮੇਂ ਦੀ ਪਾਬੰਦੀ ਪ੍ਰਤੀ ਕੋਈ ਗੰਭੀਰਤਾ, ਕੋਈ ਸੰਗ-ਸ਼ਰਮ ਨਹੀਂ ਤੇ ਕੋਈ ਅੱਗੇ ਵਾਸਤੇ ਸੁਧਾਰ ਨਹੀਂ। ਇਕ ਫੌਜੀ ਅਫਸਰ ਸਮੇਂ ਦਾ ਪੂਰਾ ਪਾਬੰਦ ਸੀ। ਉਸਨੇ ਅਖੰਡ ਪਾਠ ਸਾਹਿਬ ਕਰਵਾਇਆ। ਸੁਸਤੀ ਦੀ ਆਦਤ ਵਾਲੇ ਲੇਟ ਪੁੱਜਣ ਵਾਲੇ ਰਿਸ਼ਤੇਦਾਰ ਫਟਾ-ਫਟ ਬੂਟ ਜੁਰਾਬਾਂ ਖੋਲ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੇ ਕਮਰੇ ਬਾਰੇ ਪੁੱਛਣ ਲੱਗੇ ਤਾਂ ਫੌਜੀ ਵੀਰ ਨੇ ਕਿਹਾ ਕਿ ਭਾਈ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਤਾਂ ਆਪਣੇ ਸਥਾਨ ਗੁਰੂ ਘਰ ਪਹੁੰਚ ਚੁੱਕੇ ਹਨ। ਤੁਸੀਂ ਹੁਣ ਪ੍ਰਸ਼ਾਦਾ ਛਕੋ। ਉਹ ਲੇਟ ਆਉਣ ਵਾਲੇ ਰਿਸ਼ਤੇਦਾਰ ਆਪਸ ਵਿੱਚ ਦੀ ਹੀ ਇਕ ਦੂਜੇ ਨੂੰ ਕੋਸੀ ਜਾਣ ਤੇ ਝੂਠੇ ਬਹਾਨੇ ਬਣਾ ਲੇਟ ਆਉਣ ਦੇ ਕਾਰਨ ਦੱਸਣ ਲੱਗੇ। ਕਈ ਪ੍ਰੋਗਰਾਮ ਵਿੱਚ ਸਮਾਜਿਕ ਬੁਰਾਈਆਂ ਪ੍ਰਤੀ ਟਾਂਰਚ ਚੁੱਕ ਕੇ ਰੋਸਨੀ ਵਿਖਾਉਣ ਵਾਲੇ ਸਾਹਿਤਕਾਰ ਵੀਰ ਹੀ ਦੋ ਘੰਟੇ ਲੇਟ ਪਹੁੰਚੇ। ਮੇਜਬਾਨਾਂ ਦੇ ਸਾਰੇ ਪ੍ਰੋਗਰਾਮ ਦੀ ਜੱਖਣਾ ਹੀ ਵੱਢ ਦਿੱਤੀ। ਪੁੱਛਿਆ ਤਾਂ ਕਹਿਣ ਲੱਗੇ ਉਹਨੇ ਕਰਤਾ, ਯਾਰ ਫਲਾਨਾ ਹੀ ਘਰੋਂ ਨਹੀਂ ਨਿਕਲਿਆ। ਇਕ ਪਹਿਲਾਂ ਹੀ ਲੇਟ, ਦੂਜਾ ਸਮਾਗਮ ਵਿੱਚ ਪਹੁੰਚਕੇ ਆਪਸੀ ਬਹਿਸਬਾਜੀ ਕਿ ਤੂੰ ਲੇਟ ਕਰਤਾ।

ਵਿਕਾਸਸ਼ੀਲ ਦੇਸ਼ ਸਮੇਂ ਦੀ ਕਦਰਦਾਨੀ ਅਤੇ ਪਾਬੰਦੀ ਕਰਕੇ ਹੀ ਸਾਡੇ ਤੋਂ ਅੱਗੇ ਨਿਕਲ ਗਏ ਹਨ। ਇਹ ਲੋਕ ਸਮੇਂ ਦੇ ਇਕ-ਇਕ ਪਲ ਨੂੰ ਉਪਯੋਗੀ ਕੰਮਾਂ ਵਿੱਚ ਲਾਉਂਦੇ ਹਨ। ਸਮੇਂ ਨੂੰ ਕੀਮਤੀ ਖ਼ਜਾਨਾ ਸਮਝਦੇ ਹਨ ਅਤੇ ਸਮੇਂ ਦਾ ਪੈਸੇ ਵਾਂਗੂ ਠੀਕ ਬਜਟ ਬਨਾਉਂਦੇ ਹਨ। ਪਰ ਅਸੀਂ ਬਹੁਗਿਣਤੀ ਹਿੰਦੋਸਤਾਨੀ ਸਮਾਂ ਵੀ ਅਤੇ ਸਮੇਂ ਦਾ ਪੈਸੇ ਵੀ ਬੇਗੋਰੀ ਨਾਲ ਉਡਾ ਦਿੰਦੇ ਹਾਂ, ਕੋਈ ਪ੍ਰਵਾਹ ਨਹੀਂ। ਇਹ ਵਿਕਾਸਸ਼ੀਲ ਦੇਸ਼ ਸਿਆਸੀ ਕਾਨਫਰੰਸਾਂ ਨੀਂਹ ਪੱਥਰ ਰੱਖਣ, ਸਹੁੰ ਚੁੱਕ ਸਮਾਗਮਾਂ ਆਦਿ ਵਿੱਚ ਲੋਕਾਂ ਦੇ ਇਕੱਠ ਕਰਕੇ ਨਾ ਆਪਣਾ ਤੇ ਨਾ ਹੀ ਦੂਸਰਿਆਂ ਦਾ ਸਮਾਂ ਬਰਬਾਦ ਕਰਦੇ ਹਨ। ਇਹ ਤਾਂ ਸਮੇਂ ਦੇ ਗੇਰਪਾਬੰਦ ਵਿਅਕਤੀ ਨੂੰ ਨੌਕਰੀ ਨਹੀਂ ਦਿੰਦੇ, 2-2 ਮਿੰਨ ਡਿਊਟੀ ਤੇ ਲੇਟ ਪੁੱਜਣ ਕਰਕੇ ਕਈ ਵਿਅਕਤੀਆਂ ਨੇ ਆਪਣੀ ਨੌਕਰੀ ਤੋਂ ਹੱਥ ਧੋਤੇ ਹਨ। ਪਰ ਸਾਡੇ ਦਫਤਰਾਂ ਵਿੱਚ ਕੋਈ ਪ੍ਰਵਾਹ ਨਹੀਂ। 15-20 ਮਿੰਟ ਲੇਟ ਪੁੱਜਣਾ ਬਹੁ-ਗਿਣਤੀ ਅਫਸਰਾਂ ਤੇ ਮੁਲਾਜਮਾਂ ਦੀ ਆਮ ਆਦਤ ਹੈ। ਲੇਟ ਦਫਤਰ ਆਕੇ ਪੁੱਚਣ ਦਾ ਉਹੀ ਦਫਤਰੀ ਸਮਾਂ ਠੀਕ 9-00 ਵਜੇ ਸਵੇਰੇ ਭਰ ਦਿੰਦੇ ਹਨ ਦਫਤਰ ਤੋਂ ਸਮੇਂ ਤੋਂ ਪਹਿਲਾਂ ਜਾਕੇ ਜਾਣ ਦਾ ਸਮਾਂ ਅਡਵਾਂਸ ਵਿੱਚ ਭਰ ਕੇ ਦਫਤਰ ਤੋਂ ਫਰਲੋ ਮਾਰ ਜਾਂਦੇ ਹਨ। ਬਹੁਤ ਸਾਰੇ ਅਫਸਰ ਤੇ ਮੁਲਾਜਮ ਸਮੇਂ ਦੇ ਬਹੁਤ ਹੀ ਪਾਬੰਦ ਵੀ ਹਨ ਪ੍ਰੰਤੂ ਬਹੁ-ਗਿਣਤੀ ਵਿਅਕਤੀਆਂ ਦਾ ਇਹ ਸੁਭਾਏ ਤੇ ਆਦਤ ਆਮ ਹੀ ਬਣ ਗਈ ਹੈ ਜੋ ਸੁਧਾਰ ਦਾ ਨਾ ਨਹੀਂ ਲੈਂਦੀ।

ਲੋੜ ਹੈ ਆਪਣੇ ਦੇਸ਼ ਨੂੰ ਆਪਣੇ ਜੀਵਣ ਨੂੰ ਤਰੱਕੀਨੁਮਾਂ ਬਨਾਉਣ ਲਈ ਅਸੀਂ ਜਿੰਦਗੀ ਵਿੱਚ ਹਰ ਪਲ ਸਮੇਂ ਦੀ ਕਦਰ ਕਰੀਏ ਸਮੇਂ ਦੇ ਪਾਬੰਦ ਵੀ ਰਹੀਏ। ਹਰ ਨਿੱਜੀ ਨਾਗਰਿਕ ਆਪਣੀਆਂ ਸਰੀਰਕ ਅਤੇ ਮਾਨਸਿਕ ਸ਼ਕਤੀਆਂ ਦੀ ਵਰਤੋਂ ਜਦੋਂ ਸਮੇਂ ਦੀ ਕਦਰਦਾਨੀ, ਪਾਂਬਦੀ ਅਤੇ ਮਨ ਦੀ ਇਕਾਗਰਤਾ ਨਾਲ ਕਰੇਗਾ ਤਾਂ ਹਰ ਵਿਅਕਤੀ ਅਤੇ ਸਮੁੱਚਾ ਦੇਸ਼ ਦਿਨ ਦੁੱਗਣੀ ਰਾਤ ਚੌਗਨੀ ਦੀ ਤਰੱਕੀ ਦੀ ਰਫਤਾਰ ਤੇ ਚੱਲੇਗਾ। ਜਿੰਦਗੀ ਵਿੱਚ ਬੇਸ਼ੱਕ ਮਸ਼ੀਨ ਬਣਕੇ ਕੰਮ ਨਾ ਕਰੋ, ਕੁੱਝ ਸਮਾਂ ਜਾਂ ਵੇਹਲੇ ਪਲ ਜੀਵਣ ਵਿੱਚ ਅਰਾਮ, ਮੰਨੋਰਜਨ ਅਤੇ ਘੁੰਮਣ ਫਿਰਨ ਲਈ ਵੀ ਲਓ। ਪਰ ਹੱਦੋਂ ਵੱਧ ਸਮੇਂ ਦੀ ਬਰਬਾਦੀ ਤੇ ਗੈਰਪਾਬੰਦੀ ਸਾਡੀ ਤਰੱਕੀ ਵਿੱਚ ਰੋੜਾ ਹੀ ਬਣਦੀ ਹੈ। ਹਰ ਵਿਅਕਤੀ ਆਪਣੀ ਡਿਊਟੀ, ਜਿੰਮੇਵਾਰੀਆਂ ਆਪਸੀ ਭਾਵਨਾਵਾਂ ਅਤੇ ਇਕ ਦੂਸਰੇ ਨਾਲ ਸੰਬੰਧਿਤ ਖੁਸ਼ੀ ਗਮੀ ਦੇ ਪ੍ਰੋਗਰਾਮਾਂ ਪ੍ਰਤੀ ਆਪਣੇ ਸਮੇਂ ਦਾ ਵਧੀਆਂ ਬਜਟ ਬਣਾ ਸਕਦਾ ਹੈ। ਲੋੜ ਬੈ ਸਮੇਂ ਦੀ ਸੁਚੱਜੀ ਵਰਤੋਂ ਅਤੇ ਪਾਬੰਦੀ ਪ੍ਰਤੀ ਹਰ ਕਦਮ ਸੁਚੇਤ ਰਹਿਣ ਦੀ। ਬੀਤੇ ਪਿੱਛਲੇ 24 ਘੰਟਿਆਂ ਦੇ ਸਮੇਂ ਦੀ ਸਮੀਖਿਆ ਕਰਨ ਦੀ ਤਾਂ ਜੋ ਜੇਕਰ ਜਾਣੇ ਅਣਜਾਣੇ ਕੋਈ ਸਮਾਂ ਬਰਬਾਦ ਹੋਇਆ ਵੀ ਹੈ ਜਾਂ ਕਿਤੇ ਸਮੇਂ ਦੇ ਪਾਂਬੰਦ ਨਹੀਂ ਵੀ ਰਹਿ ਸਕੇ ਤਾਂ ਭਵਿੱਖ ਵਿੱਚ ਅਜਿਹਾ ਵਰਤਾਰਾ ਦੋਬਾਰਾ ਨਾ ਹੋਵੇ ਤਾਂ ਹੀ ਅਸੀਂ ਜਿੰਦਗੀ ਵਿੱਚ ਸਮੇਂ ਦੀ ਬੇਕਦਰੀ ਅਤੇ ਗੈਰਪਾਬੰਦੀ ਦੇ ਪਛਤਾਵੇ ਤੋਂ ਬਚ ਸਕਦੇ ਹਾਂ। ਜਿੰਦਗੀ ਵਿੱਚ ਸਮੇਂ ਪ੍ਰਤੀ ਜੇ ਸੁਚੇਤ ਨਹੀਂ ਰਹਾਂਗੇ ਤਾਂ "ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁੱਗ ਗਈ ਖੇਤ", ਵਾਲੀ ਗੱਲ ਹੀ ਪੱਲੇ ਪਵੇਗੀ।

**ਅਮਰਜੀਤ ਸਿੰਘ ਮਾਵੀ (ਚਮਕੌਰ ਸਾਹਿਬ)**


ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੀ ਸੰਗਤ ਨਾਲ ਸਾਂਝਾ ਕਰੋ!
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...
ਮਹਿਕ ਵਤਨ ਦੀ
'Mehak Watan Di Live' ਲਾਈਵ
Web TV
Chief Editor: Bhawandeep Singh Purba
ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ'
ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓਣ ਲਈ ਸੰਪਰਕ ਕਰੋ!
Help Line: 9988 92 9988
www.mehakwatandilive.com


'ਮਹਿਕ ਵਤਨ ਦੀ ਲਾਈਵ' ਰੋਜ਼ਾਨਾ ਆਨਲਾਈਨ
'ਮਹਿਕ ਵਤਨ ਦੀ ਲਾਈਵ'
ਰੋਜ਼ਾਨਾ ਆਨਲਾਈਨ ਅਖ਼ਬਾਰ ਦੇ ਹੋਏ
3,90,000
ਤੋਂ ਵੱਧ ਪਾਠਕ!
ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ
ਆਨਲਾਈਨ ਪੜ੍ਹਨ ਲਈ ਕਲਿਕ ਕਰੋ।
www.mehakwatandilive.com
Help Line: 9988 92 9988


ਕੈਨੇਡਾ ਵਿੱਚ ਪੰਜਾਬ ਵਰਗਾ ਮਾਹੌਲ
Khukhrana
CULTURAL GROUP
ਇਥੇ ਵਿਆਹ ਸ਼ਾਦੀਆਂ,ਪਾਰਟੀਆਂ ਅਤੇ ਹਰ ਖੁਸ਼ੀ ਦੇ ਮੌਕੇ ਤੇ
ਜਾਗੋ ਅਤੇ ਪੰਜਾਬੀ ਕਲਚਰ ਪ੍ਰੋਗਰਾਮਾਂ ਲਈ ਸੰਪਰਕ ਕਰੋ
Prop. Gursewak Singh Khukhrana
Contact. 778-241-2148


R.N.G.O's MOGA ਮੋਗਾ
ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਵੱਲੋਂ
Beautician Course
ਬਿਊਟੀਸ਼ਨ ਕੋਰਸ
Monthly Fee Only 800/-
Course: 6 Month
Class Time: 2 Hour
ਸਰਕਾਰ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਟ
ਨੇੜੇ ਗੁਰਦੁਆਰਾ ਸਾਹਿਬ, ਬਸਤੀ ਗੋਬਿੰਦਗੜ੍ਹ ਮੋਗਾ
ਸੰਪਰਕ: 90565-48918, 94647-87498, 83608-17686


ਏਕਮ ਟਿਊਸ਼ਨ ਸੈਂਟਰ
ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ
EKAM Tution Center
All Subject of Nursury to 8 th Classes
CBSE / ICSE / Punjab School Edu. Board
ਏ.ਸੀ. ਕਲਾਸ ਰੂਮ, ਵਾਈ-ਫਾਈ
ਕੰਮਪਿਊਟਰ ਪ੍ਰੈਂਟ ਆਊਟ
Center: Basti Gobindgarh
Near Ghalan Walia Di Atta Chakki
1195, Ajit Nagar, Moga
Contact: 96460-21463

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥



**We Bow to The Martyrdom of Shri Guru Arjun Dev Sahib Ji.**

ਮਹਿਕ ਵਤਨ ਦੀ ਲਾਈਵ ਬਿਓਰੋ * ਮਹਿਕ ਵਤਨ ਦੀ ਲਾਈਵ ਬਿਓਰੋ

# ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ

# ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

# ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ!

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ



**ਵੱਲੋਂ: ਸਮੂੰਹ ਸਟਾਫ ਅਤੇ ਪੱਤਰਕਾਰ 'ਮਹਿਕ ਵਤਨ ਦੀ ਲਾਈਵ' ਬਿਓਰੋ**

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016